# ਹਾਈ ਸਟੈਂਡਰਡ ਨਿਊਜ਼

HIGH STANDARD NEWS

HIGHSTANDARDNEWS

Date-27.02.24

www.hsnnews.in | PUNPUN/2024/86289 | President:-Sam dhillion | Email:info@hsnnews.in

Vol.11 | FEB-2024 | Published in Canada | Pages 8


## ਕੈਨੇਡਾ ਚ ਲਾਪਤਾ ਹੋਈ 28 ਸਾਲਾ ਪੰਜਾਬਣ, ਪੁਲਸ ਨੇ ਲੋਕਾਂ ਤੋਂ ਮੰਗੀ ਮਦਦ



ਸਰੀ- ਕੈਨੇਡਾ ਦੇ ਸ਼ਹਿਰ ਸਰੀ ਤੋਂ ਪਿਛਲੇ 5 ਦਿਨਾਂ ਤੋਂ ਲਾਪਤਾ ਪੰਜਾਬੀ ਔਰਤ ਦੀ ਭਾਲ ਵਿਚ ਜੁਟੀ ਰਾਇਲ ਕੈਨੇਡੀਅਨ ਮਾਊਂਟਿਡ ਪੁਲਸ (RCMP) ਨੇ ਲੋਕਾਂ ਤੋਂ ਮਦਦ ਮੰਗੀ ਹੈ। 28 ਸਾਲਾ ਨਵਦੀਪ ਕੌਰ ਨੂੰ ਆਖਰੀ ਵਾਰ 22 ਫਰਵਰੀ ਨੂੰ ਰਾਤ 10:30 ਵਜੇ ਸਰੀ ਦੀ 123 ਸਟ੍ਰੀਟ ਦੇ 7800 ਬਲਾਕ ਵਿਚ ਦੇਖਿਆ ਗਿਆ ਸੀ। ਨਵਦੀਪ ਕੌਰ ਦਾ ਹੁਲੀਆ ਜਾਰੀ ਕਰਦਿਆਂ ਸਰੀ ਆਰ.ਸੀ.ਐਮ.ਪੀ. ਨੇ ਦੱਸਿਆ ਕਿ ਉਸ ਦਾ ਕੱਦ ਤਕਰੀਬਨ 5 ਫੁੱਟ 5 ਇੰਚ ਅਤੇ ਵਜ਼ਨ 57 ਕਿਲੋ ਹੈ।ਨਵਦੀਪ ਕੌਰ ਦੇ ਵਾਲ ਲੰਮੇ ਅਤੇ ਕਾਲੇ ਜਦਕਿ ਅੱਖਾਂ ਦਾ ਰੰਗ ਭੂਰਾ ਹੈ। ਨਵਦੀਪ ਕੌਰ ਦਾ ਪਰਿਵਾਰ ਅਤੇ ਪੁਲਸ ਉਸ ਦੀ ਸਿਹਤ ਅਤੇ ਤੰਦਰੁਸਤੀ ਲਈ ਚਿੰਤਤ ਹਨ। ਉਸਦੇ ਲਾਪਤਾ ਹੋਣ ਦੇ ਆਲੇ-ਦੁਆਲੇ ਦੇ ਹਾਲਾਤ ਅਜੇ ਵੀ ਅਸਪਸ਼ਟ ਹਨ। ਪੁਲਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇ ਕਿਸੇ ਕੋਲ ਨਵਦੀਪ ਕੌਰ ਦੇ ਪਤੇ ਟਿਕਾਣੇ ਬਾਰੇ ਕੋਈ ਜਾਣਕਾਰੀ ਹੋਵੇ ਤਾਂ ਉਹ ਆਰ.ਸੀ.ਐੱਮ.ਪੀ. ਦੇ ਅਫਸਰਾਂ ਨਾਲ ਸੰਪਰਕ ਕਰੇ। ਗੁਪਤ ਤਰੀਕੇ ਨਾਲ ਜਾਣਕਾਰੀ ਦੇਣ ਲਈ ਕ੍ਰਾਈਮ ਸਟੌਪਰਜ਼ ਨਾਲ 1800 222 ਟਿਪਸ 'ਤੇ ਕਾਲ ਕੀਤੀ ਜਾ ਸਕਦੀ ਹੈ।

## ਇਹ ਕੀ ਆਖ ਗਏ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ



ਪੋਲੈਂਡ ਦੇ ਵਾਰਸਾ ਵਿੱਚ ਇੱਕ ਸੰਬੋਧਨ ਦੌਰਾਨ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਉਸ ਸਮੇਂ ਸ਼ਰਮਿੰਦਗੀ ਦਾ ਸਾਹਮਣਾ ਕਰਨਾ ਪਿਆ, ਜਦੋਂ ਉਨ੍ਹਾਂ ਨੇ ਇਹ ਆਖ ਦਿੱਤਾ ਕਿ ਰੂਸ ਨੂੰ ਜੰਗ ਜਿੱਤਣੀ ਚਾਹੀਦੀ ਹੈ। ਹਾਲਾਂਕਿ, ਉਨ੍ਹਾਂ ਨੇ ਤੁਰੰਤ ਮੁਆਫੀ ਮੰਗਦੇ ਹੋਏ ਆਪਣੀ ਗਲਤੀ ਨੂੰ ਸੁਧਾਰਿਆ ਅਤੇ ਕਿਹਾ ਕਿ ਉਨ੍ਹਾਂ ਦੇ ਕਹਿਣ ਦਾ ਮਤਲਬ ਸੀ ਕਿ "ਯੂਕ੍ਰੇਨ ਨੂੰ ਰੂਸ ਦੇ ਖ਼ਿਲਾਫ਼ ਇਹ ਜੰਗ ਜਿੱਤਣੀ ਚਾਹੀਦੀ ਹੈ"। ਮੁਆਫੀ ਮੰਗਣ ਦੇ ਬਾਵਜੂਦ ਸੋਸ਼ਲ ਮੀਡੀਆ 'ਤੇ ਉਪਭੋਗਤਾਵਾਂ ਨੇ ਉਨ੍ਹਾਂ ਨੂੰ ਟਰੋਲ ਕਰਨਾ ਸ਼ੁਰੂ ਕਰ ਦਿੱਤਾ ਹੈ। ਕੈਨੇਡੀਅਨ ਪ੍ਰਧਾਨ ਮੰਤਰੀ ਨੇ ਹਾਲ ਹੀ ਵਿੱਚ ਯੂਕ੍ਰੇਨ ਦਾ ਦੌਰਾ ਕੀਤਾ ਸੀ ਅਤੇ ਯੁੱਧ ਪ੍ਰਭਾਵਿਤ ਦੇਸ਼ ਲਈ 2.2 ਬਿਲੀਅਨ ਅਮਰੀਕੀ ਡਾਲਰ ਦੀ ਵਿੱਤੀ ਅਤੇ ਫੌਜੀ ਸਹਾਇਤਾ ਦਾ ਐਲਾਨ ਕੀਤਾ ਸੀ। ਇਸ ਤੋਂ ਬਾਅਦ ਉਹ ਪੋਲੈਂਡ ਪੁੱਜੇ, ਜਿੱਥੇ ਟਰੂਡੋ ਦੀ ਆਪਣੇ ਪੋਲਿਸ਼ ਹਮਰੁਤਬਾ ਡੋਨਾਲਡ ਟਸਕ ਨਾਲ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਜ਼ੁਬਾਨ ਫਿਸਲ ਗਈ ਅਤੇ ਉਨ੍ਹਾਂ ਨੇ ਇਹ ਬਿਆਨ ਦੇ ਦਿੱਤਾ।ਇਹ ਕਲਿੱਪ ਹੁਣ ਇੰਟਰਨੈੱਟ 'ਤੇ ਕਾਫ਼ੀ ਵਾਇਰਲ ਹੋ ਗਈ ਹੈ। ਟਰੂਡੋ ਦਾ ਮਜ਼ਾਕ ਉਡਾਉਂਦੇ ਹੋਏ, ਇੱਕ ਐਕਸ ਉਪਭੋਗਤਾ ਨੇ ਵਿਅੰਗਾਤਮਕ ਟਿੱਪਣੀ ਕੀਤੀ ਕਿ ਉਨ੍ਹਾਂ ਨੇ ਆਪਣੀ "ਦਿਲ ਦੀ ਇੱਛਾ" ਜ਼ਾਹਰ ਕੀਤੀ ਹੈ। ਜਦੋਂ ਕਿ ਇੱਕ ਹੋਰ ਉਪਭੋਗਤਾ ਨੇ ਕਿਹਾ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਨੂੰ ਅਜੇ ਕੋਈ ਕਲੈਰਿਟੀ ਹੀ ਨਹੀਂ ਹੈ ਕਿ ਕਿਸ ਨੂੰ ਜੰਗ ਜਿੱਤਣੀ ਚਾਹੀਦੀ ਹੈ।

## ਅਫਵਾਹਾਂ ਕਾਰਨ ਵਿਗੜੇ ਭਾਰਤ ਤੇ ਕੈਨੇਡਾ ਦੇ ਰਿਸ਼ਤੇ : ਭਾਰਤੀ ਰਾਜਦੂਤ



ਭਾਰਤੀ ਨਾਗਰਿਕਾਂ ਵੱਲੋਂ ਕੈਨੇਡਾ ਵਿਚ ਰਾਜਸ਼ੀ ਸ਼ਰਨ ਅਪਲਾਈ ਕਰਨ ਦੇ ਦਾਅਵਿਆਂ ਤੋਂ ਲਗਾਤਾਰ ਸਾਹਮਣੇ ਆ ਰਹੇ ਮਾਮਲਿਆਂ ਬਾਰੇ ਰਾਜਦੂਤ ਵਰਮਾ ਨੇ ਦੱਸਿਆ ਕਿ ਅਜਿਹੇ ਕੇਸਾਂ ਦੀ ਡੂੰਘਾਈ ਤੱਕ ਜਾਂਚ ਕਰਨਾ ਕੈਨੇਡੀਅਨ ਸਿਸਟਮ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਭਾਰਤ ਤੋਂ ਕੈਨੇਡਾ ਵਿਚ ਪੜ੍ਹਾਈ ਕਰਨ ਲਈ ਜਾਣ ਵਾਲੇ ਲੋਕਾਂ ਦੀ ਗਿਣਤੀ ਘੱਟ ਰਹੀ ਹੈ ਅਤੇ ਕਿੱਤੇ ਦੇ ਮਾਹਰਾਂ ਦੀ ਗਿਣਤੀ ਵੱਧ ਰਹੀ ਹੈ। ਇਕ ਵੱਖਰੇ ਸਵਾਲ ਦਾ ਜਵਾਬ ਵਿਚ ਰਾਜਦੂਤ ਵਰਮਾ ਨੇ ਕਿਹਾ ਕਿ ਵਿਦੇਸ਼ੀ ਨਾਗਰਿਕ ਭਾਰਤ ਦਾ ਆਧਾਰ ਕਾਰਡ ਅਪਲਾਈ ਕਰ ਸਕਦੇ ਹਨ ਪਰ ਆਧਾਰ ਕਾਰਡ ਭਾਰਤ ਵਿਚ ਜਾ ਕੇ ਹੀ ਅਪਲਾਈ ਕੀਤਾ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਈ-ਵੀਜ਼ਾ ਆਨਲਾਈਨ ਅਪਲਾਈ ਕੀਤਾ ਜਾ ਸਕਦਾ ਹੈ। ਕੈਨੇਡਾ ਤੋਂ ਅੰਮ੍ਰਿਤਸਰ ਸਿੱਧੀ ਉਡਾਣ ਬਾਰੇ ਰਾਜਦੂਤ ਵਰਮਾ ਨੇ ਕਿਹਾ ਕਿ ਕੈਨੇਡਾ ਤੇ ਭਾਰਤ ਵਿਚਕਾਰ ਹੋਏ ਨਵੇਂ ਹਵਾਬਾਜ਼ੀ ਸਮਝੌਤੇ ਤਹਿਤ ਏਅਰ ਇੰਡੀਆ ਕੋਲ ਸਿੱਧੀ ਉਡਾਣ ਦੀ ਸੰਭਾਵਨਾ ਹੋ ਸਕਦੀ ਹੈ ਪਰ ਏਅਰ ਇੰਡੀਆ ਇਕ ਨਿੱਜੀ ਹਵਾਈ ਕੰਪਨੀ ਹੋਣ ਕਰ ਕੇ ਸਰਕਾਰ ਉਸ ਨੂੰ ਆਪਣੇ ਕਾਰੋਬਾਰੀ ਫ਼ੈਸਲੇ ਲੈਣ ਲਈ ਮਜਬੂਰ ਨਹੀਂ ਕਰ ਸਕਦੀ।


ਕੈਨੇਡਾ ਵਿਚ ਭਾਰਤੀ ਰਾਜਦੂਤ ਸੰਜੇ ਕੁਮਾਰ ਵਰਮਾ ਤੇ ਕੌਂਸਲ ਜਨਰਲ ਸਿਧਾਰਥ ਨਾਥ ਨੇ ਬੀਤੇ ਦਿਨ ਟੋਰਾਂਟੋ ਵਿਚ ਪੱਤਰਕਾਰਾਂ ਦੇ ਕੁਝ ਸਵਾਲਾਂ ਦੇ ਜਵਾਬ ਦਿੱਤੇ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੇ ਭਾਰਤ ਨਾਲ ਸਬੰਧਤ ਸਮੱਸਿਆਵਾਂ ਦੇ ਜਵਾਬ ਦਿੱਤੇ। ਨਿੱਝਰ ਕਤਲਕਾਂਡ (18 ਜੂਨ 2023) ਮਾਮਲੇ ਵਿਚ ਭਾਰਤੀ ਏਜੰਟਾਂ ਦੇ ਹੱਥ ਹੋਣ ਬਾਰੇ ਕੈਨੇਡੀਅਨ ਪੀ.ਐੱਮ. ਜਸਟਿਨ ਟਰੂਡੋ ਵੱਲੋਂ ਸੰਸਦ ਵਿਚ ਦਿੱਤੇ ਗਏ ਬਿਆਨ ਤੋਂ ਬਾਅਦ ਦੋਵਾਂ ਦੇਸ਼ਾਂ ਦੇ ਦੁਵੱਲੇ ਰਿਸ਼ਤਿਆਂ ਵਿਚ ਆਏ ਨਿਘਾਰ ਬਾਰੇ ਵਰਮਾ ਨੇ ਕਿਹਾ ਕਿ ਇਸ ਮਾਮਲੇ ਦੀ ਕੈਨੇਡਾ ਵਿਚ ਪੁਲਸ ਵੱਲੋਂ ਜਾਂਚ ਜਾਰੀ ਹੈ ਅਤੇ ਜਾਂਚ ਖ਼ਤਮ ਹੋਣ ਤੱਕ ਭਾਰਤ ਵਿਰੁੱਧ ਬਿਆਨਬਾਜ਼ੀ ਨੂੰ ਅਫਵਾਹਾਂ ਆਧਾਰਿਤ ਹੀ ਮੰਨਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਉਹ ਆਪ ਅਮਰੀਕਾ ਬਾਰੇ ਭਾਰਤ ਦੀ ਨੁਮਾਇੰਦਗੀ ਨਹੀਂ ਕਰਦੇ ਪਰ ਨਿਖਿਲ ਗੁਪਤਾ ਦੇ ਮਾਮਲੇ ਤੋਂ ਬਾਅਦ ਅਮਰੀਕਾ ਨਾਲ ਭਾਰਤ ਦੇ ਕਾਰੋਬਾਰੀ ਸੰਬਧਾਂ ਵਿਚ ਕੋਈ ਫ਼ਰਕ ਨਹੀਂ ਪਿਆ, ਸਗੋਂ ਦੋਵਾਂ ਦੇਸ਼ਾਂ ਵਿਚਕਾਰ ਕਾਰੋਬਾਰ ਨਿਰਵਿਘਨ ਜਾਰੀ ਹੈ। ਕੈਨੇਡਾ ਤੋਂ ਵੀ ਭਾਰਤ ਵਿਚ ਪੂੰਜੀ ਨਿਵੇਸ਼ ਹੋਣਾ ਜਾਰੀ ਹੈ ਖ਼ਾਸ ਤੌਰ 'ਤੇ ਉਸਾਰੀ ਅਤੇ ਤਕਨੀਕ ਦੇ ਖੇਤਰਾਂ ਵਿਚ। ਕੈਨੇਡਾ ਦੇ ਲੋਕਤੰਤਰੀ ਅਦਾਰਿਆਂ ਵਿਚ ਚੀਨ ਅਤੇ ਰੂਸ ਨਾਲ ਭਾਰਤ ਵਿਰੁੱਧ ਚੱਲ ਰਹੀ ਜਾਂਚ ਬਾਰੇ ਉਨ੍ਹਾਂ ਕਿਹਾ ਕਿ ਇਸ ਜਾਂਚ ਵਿਚ ਜਿਹੜੀਆਂ (ਸਿੱਖ) ਸੰਸਥਾਵਾਂ ਨੂੰ ਪੱਖ ਰੱਖਣ ਦਾ ਮੌਕਾ ਦਿੱਤਾ ਜਾ ਰਿਹਾ ਹੈ, ਉਹ ਪਹਿਲਾਂ ਹੀ ਭਾਰਤ ਵਿਰੁੱਧ ਅਫਵਾਹਾਂ ਫੈਲਾਉਣ ਲਈ ਜਾਣੀਆਂ ਜਾਂਦੀਆਂ ਹਨ।

# ਪੰਕਜ ਉਧਾਸ ਦੀ ਮੌਤ 'ਤੇ PM ਮੋਦੀ ਤੇ ਅਮਿਤ ਸ਼ਾਹ ਨੇ ਪ੍ਰਗਟਾਇਆ ਦੁੱਖ, ਕਿਹਾ- ਸੰਗੀਤ ਜਗਤ 'ਚ ਪੈ ਗਿਐ ਵੱਡਾ ਖਲਾਅ



ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੀ ਪੰਕਜ ਉਧਾਸ ਜੀ ਦੇ ਦਿਹਾਂਤ 'ਤੇ ਦੁੱਖ ਪ੍ਰਗਟ ਕੀਤਾ ਹੈ। ਉਨ੍ਹਾਂ ਟਵੀਟ ਕਰਦੇ ਹੋਏ ਲਿਖਿਆ, ''ਪੰਕਜ ਉਧਾਸ ਨੇ ਆਪਣੀ ਸੁਰੀਲੀ ਆਵਾਜ਼ ਨਾਲ ਕਈ ਪੀੜ੍ਹੀਆਂ ਨੂੰ ਮੋਹਿਤ ਕੀਤਾ। ਉਸ ਦੀਆਂ ਗ਼ਜ਼ਲਾਂ ਅਤੇ ਗੀਤਾਂ ਨੇ ਹਰ ਉਮਰ ਅਤੇ ਵਰਗ ਦੇ ਲੋਕਾਂ ਦੇ ਦਿਲਾਂ ਨੂੰ ਛੂਹ ਲਿਆ। ਅੱਜ ਉਨ੍ਹਾਂ ਦੇ ਦਿਹਾਂਤ ਨਾਲ ਸੰਗੀਤ ਜਗਤ 'ਚ ਇੱਕ ਵੱਡਾ ਖਲਾਅ ਪੈ ਗਿਆ ਹੈ, ਜਿਸ ਨੂੰ ਭਰਨਾ ਲੰਮੇ ਸਮੇਂ ਤੱਕ ਮੁਸ਼ਕਿਲ ਹੈ। ਉਹ ਆਪਣੇ ਗੀਤਾਂ ਅਤੇ ਗ਼ਜ਼ਲਾਂ ਰਾਹੀਂ ਹਮੇਸ਼ਾ ਸਾਡੇ ਵਿਚਕਾਰ ਰਹਿਣਗੇ। ਮੈਂ ਦੁਖੀ ਪਰਿਵਾਰ ਅਤੇ ਉਨ੍ਹਾਂ ਦੇ ਪ੍ਰਸ਼ੰਸਕਾਂ ਪ੍ਰਤੀ ਡੂੰਘੀ ਸੰਵੇਦਨਾ ਪ੍ਰਗਟ ਕਰਦਾ ਹਾਂ। ਵਾਹਿਗੁਰੂ ਵਿਛੜੀ ਆਤਮਾ ਨੂੰ ਸ਼ਾਂਤੀ ਦੇਵੇ। ਓਮ ਸ਼ਾਂਤੀ ਸ਼ਾਂਤੀ।''ਪੰਕਜ ਦਾ ਸੰਗੀਤਕ ਕਰੀਅਰ 6 ਸਾਲ ਦੀ ਉਮਰ 'ਚ ਸ਼ੁਰੂ ਹੋਇਆ ਸੀ। ਉਨ੍ਹਾਂ ਦੇ ਘਰ ਸੰਗੀਤਕ ਮਾਹੌਲ ਸੀ। ਇਸੇ ਗੱਲ ਨੂੰ ਧਿਆਨ 'ਚ ਰੱਖਦਿਆਂ ਉਹ ਸੰਗੀਤ ਦੀ ਦੁਨੀਆ 'ਚ ਆਏ ਤੇ ਸਦਾ ਲਈ ਇਸ ਨਾਲ ਜੁੜੇ ਰਹੇ। ਪੰਕਜ ਉਧਾਸ ਨੇ ਦੱਸਿਆ ਸੀ ਕਿ ਸੰਗੀਤ ਨਾਲ ਉਨ੍ਹਾਂ ਦਾ ਪਹਿਲਾ ਸੰਪਰਕ ਸਕੂਲ 'ਚ ਪ੍ਰਾਰਥਨਾ ਕਰਨ ਤੋਂ ਸ਼ੁਰੂ ਹੋਇਆ ਸੀ। ਉਨ੍ਹਾਂ ਦੀ ਪਹਿਲੀ ਐਲਬਮ 'ਆਹਟ' 1980 'ਚ ਰਿਲੀਜ਼ ਹੋਈ ਸੀ। ਇਸ 'ਚ ਉਨ੍ਹਾਂ ਨੇ ਕਈ ਗ਼ਜ਼ਲਾਂ ਗਾਈਆਂ। ਪੰਕਜ ਉਧਾਸ ਆਪਣੀ ਗ਼ਜ਼ਲ ਗਾਇਕੀ ਲਈ ਮਸ਼ਹੂਰ ਹੋਏ। ਉਨ੍ਹਾਂ ਦੇ ਪ੍ਰਸਿੱਧ ਗੀਤਾਂ 'ਚ 'ਜੀਏ ਤੋਂ ਜੀਏ ਕੈਸੇ ਬਿਨ ਆਪਕੇ', 'ਚਿੱਠੀ ਆਈ ਹੈ', 'ਚਾਂਦੀ ਜੈਸਾ ਰੰਗ ਹੈ ਤੇਰਾ, ਸੋਨੇ ਜੈਸੇ ਬਾਲ', 'ਨਾ ਕਜਰੇ ਕੀ ਧਾਰ, ਨਾ ਮੋਤੀਓਂ ਕੇ ਹਾਰ' ਸ਼ਾਮਲ ਹਨ।

'ਚਿੱਠੀ ਆਈ ਹੈ... ਆਈ ਹੈ... ਚਿੱਠੀ ਆਈ ਹੈ...ਬੜੇ ਦਿਨੋਂ ਕੇ ਬਾਦ ਹਮ ਬੇਵਤਨੋ ਕੋ ਯਾਦ ਵਤਨ ਕੀ ਮਿੱਟੀ ਆਈ ਹੈ...' ਅੱਜ ਵੀ ਲੋਕਾਂ ਦੇ ਘਰਾਂ 'ਚ ਸੁਣਿਆ ਜਾਂਦਾ ਹੈ ਪਰ ਇਸ ਨੂੰ ਗਾਉਣ ਵਾਲਾ ਪ੍ਰਸਿੱਧ ਗਾਇਕ ਇਸ ਫਾਨੀ ਦੁਨੀਆ ਨੂੰ ਹਮੇਸ਼ਾ ਲਈ ਅਲਵਿਦਾ ਆਖ ਗਿਆ ਹੈ। ਗਾਇਕ ਪੰਕਜ ਉਧਾਸ ਦਾ ਇਸ ਤਰ੍ਹਾਂ ਤੁਰ ਜਾਣਾ ਹਰ ਕਿਸੇ ਲਈ ਕਿਸੇ ਦੁੱਖ ਤੋਂ ਘੱਟ ਨਹੀਂ ਹੈ। ਪੰਕਜ ਉਧਾਸ ਦੀ ਅਚਾਨਕ ਹੋਈ ਮੌਤ ਨੇ ਸਾਰਿਆਂ ਦੀਆਂ ਅੱਖਾਂ ਨਮ ਕਰ ਦਿੱਤੀਆਂ ਹਨ। ਬੀਤੇ ਦਿਨ ਤੋਂ ਹੀ ਮਿਊਜ਼ਿਕ ਇੰਡਸਟਰੀ 'ਚ ਸੋਗ ਦੀ ਲਹਿਰ ਛਾਈ ਹੋਈ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਅਮਿਤ ਸ਼ਾਹ ਸਣੇ ਕਈ ਰਾਜ ਨੇਤਾਵਾਂ ਨੇ ਪੰਕਜ ਉਧਾਸ ਦੇ ਦਿਹਾਂਤ 'ਤੇ ਦੁੱਖ ਪ੍ਰਗਟਾਇਆ ਹੈ।ਪੀ. ਐੱਮ. ਮੋਦੀ ਨੇ ਪੰਕਜ ਉਧਾਸ ਦੇ ਦਿਹਾਂਤ 'ਤੇ ਸੋਸ਼ਲ ਮੀਡੀਆ 'ਤੇ ਇਕ ਟਵੀਟ ਪੋਸਟ ਕੀਤਾ ਹੈ, ਜਿਸ 'ਚ ਉਨ੍ਹਾਂ ਨੇ ਲਿਖਿਆ ਹੈ, ''ਅਸੀਂ ਪੰਕਜ ਉਧਾਸ ਜੀ ਦੇ ਦਿਹਾਂਤ 'ਤੇ ਸੋਗ ਪ੍ਰਗਟ ਕਰਦੇ ਹਾਂ, ਜਿਨ੍ਹਾਂ ਦੀ ਗਾਇਕੀ ਨੇ ਬਹੁਤ ਸਾਰੇ ਜਜ਼ਬਾਤ ਪ੍ਰਗਟ ਕੀਤੇ ਅਤੇ ਜਿਨ੍ਹਾਂ ਦੀਆਂ ਗ਼ਜ਼ਲਾਂ ਰੂਹ ਨੂੰ ਸਿੱਧੀਆਂ ਬੋਲਦੀਆਂ ਸਨ। ਉਹ ਭਾਰਤੀ ਸੰਗੀਤ ਦੇ ਇੱਕ ਪ੍ਰਕਾਸ਼ ਥੰਮ੍ਹ ਸਨ, ਜਿਸ ਦੀਆਂ ਧੁਨਾਂ ਪੀੜ੍ਹੀ ਦਰ ਪੀੜ੍ਹੀ ਚਲੀਆਂ ਗਈਆਂ। ਮੈਨੂੰ ਉਨ੍ਹਾਂ ਨਾਲ ਸਾਲਾਂ ਦੌਰਾਨ ਹੋਈਆਂ ਵੱਖੋ-ਵੱਖਰੀਆਂ ਗੱਲਾਂ ਯਾਦ ਹਨ। ਉਨ੍ਹਾਂ ਦੇ ਦਿਹਾਂਤ ਨਾਲ ਸੰਗੀਤ ਜਗਤ 'ਚ ਇੱਕ ਖਾਲੀਪਣ ਆ ਗਿਆ ਹੈ, ਜੋ ਕਦੇ ਵੀ ਭਰਿਆ ਨਹੀਂ ਜਾ ਸਕਦਾ। ਉਨ੍ਹਾਂ ਦੇ ਪਰਿਵਾਰ ਅਤੇ ਪ੍ਰਸ਼ੰਸਕਾਂ ਨਾਲ ਹਮਦਰਦੀ। ਓਮ ਸ਼ਾਂਤੀ।''



Narendra Modi
@narendramodi

We mourn the loss of Pankaj Udhas Ji, whose singing conveyed a range of emotions and whose Ghazals spoke directly to the soul. He was a beacon of Indian music, whose melodies transcended generations. I recall my various interactions with him over the years.

His departure leaves a void in the music world that can never be filled. Condolences to his family and admirers. Om Shanti.

## ਮੋਦੀ ਸਰਕਾਰ ਨੇ ਪੰਜ ਸਾਲਾਂ ਚ CAPF ਚ 2.43 ਲੱਖ ਨੌਜਵਾਨਾਂ ਦੀ ਕੀਤੀ ਭਰਤੀ: ਗ੍ਰਹਿ ਮੰਤਰਾਲਾ

ਨਵੀਂ ਦਿੱਲੀ – ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਨੇ ਪਿਛਲੇ ਪੰਜ ਸਾਲਾਂ 'ਚ ਕੇਂਦਰੀ ਹਥਿਆਰਬੰਦ ਪੁਲਸ ਬਲਾਂ (CAPF) 'ਚ 2.43 ਲੱਖ ਤੋਂ ਵੱਧ ਨੌਜਵਾਨਾਂ ਦੀ ਭਰਤੀ ਕੀਤੀ ਹੈ। ਇਹ ਜਾਣਕਾਰੀ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਪ੍ਰਧਾਨਗੀ ਹੇਠ ਗ੍ਰਹਿ ਮੰਤਰਾਲੇ ਦੀ ਸੰਸਦੀ ਸਲਾਹਕਾਰ ਕਮੇਟੀ ਦੀ ਮੀਟਿੰਗ ਵਿੱਚ ਦਿੱਤੀ ਗਈ। ਇਹ ਮੀਟਿੰਗ ਦਮਨ ਵਿੱਚ ਹੋਈ। ਇੱਕ ਅਧਿਕਾਰਤ ਬਿਆਨ ਅਨੁਸਾਰ, ਕਮੇਟੀ ਮੈਂਬਰਾਂ ਨੂੰ ਇਹ ਵੀ ਦੱਸਿਆ ਗਿਆ ਕਿ ਪਿਛਲੇ 10 ਸਾਲਾਂ ਵਿੱਚ ਸੀਏਪੀਐਫ ਵਿੱਚ 54 ਬਟਾਲੀਅਨਾਂ ਬਣਾਈਆਂ ਗਈਆਂ ਹਨ। ਕਮੇਟੀ ਨੇ ਜੰਮੂ-ਕਸ਼ਮੀਰ ਅਤੇ ਸੀਏਪੀਐਫ ਦੇ ਵਿਕਾਸ ਨਾਲ ਸਬੰਧਤ ਮੁੱਦਿਆਂ 'ਤੇ ਚਰਚਾ ਕੀਤੀ।



## PM ਮੋਦੀ ਨੇ ਗੁਰੂਗ੍ਰਾਮ ਰੇਲਵੇ ਸਟੇਸ਼ਨ ਦੇ ਪੁਨਰ ਵਿਕਾਸ ਪ੍ਰੋਜੈਕਟ ਦਾ ਕੀਤਾ ਉਦਘਾਟਨ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੋਮਵਾਰ ਨੂੰ ਵੀਡੀਓ ਕਾਨਫਰੰਸ ਜ਼ਰੀਏ ਗੁਰੂਗ੍ਰਾਮ ਰੇਲਵੇ ਸਟੇਸ਼ਨ ਦੇ ਪੁਨਰ ਵਿਕਾਸ ਪ੍ਰੋਜੈਕਟ ਦਾ ਉਦਘਾਟਨ ਕੀਤਾ। ਪੁਨਰ ਵਿਕਾਸ ਦਾ ਕੰਮ 300 ਕਰੋੜ ਰੁਪਏ ਦੀ ਅਨੁਮਾਨਿਤ ਲਾਗਤ ਨਾਲ ਕੀਤਾ ਜਾਵੇਗਾ। ਸਟੇਸ਼ਨ ਦੀ ਇਮਾਰਤ ਦਾ ਡਿਜ਼ਾਈਨ ਸਥਾਨਕ ਸੱਭਿਆਚਾਰ, ਵਿਰਾਸਤ ਅਤੇ ਆਰਕੀਟੈਕਚਰ ਨੂੰ ਦਰਸਾਏਗਾ ਅਤੇ ਯਾਤਰੀਆਂ ਨੂੰ ਆਧੁਨਿਕ ਸਹੂਲਤਾਂ ਮਿਲਣਗੀਆਂ। ਇਕ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਕੇਂਦਰੀ ਮੰਤਰੀ ਰਾਓ ਇੰਦਰਜੀਤ ਸਿੰਘ ਨੇ ਕਿਹਾ ਕਿ ਹਰਿਆਣਾ ਵਿੱਚ 20 ਹਜ਼ਾਰ ਕਰੋੜ ਰੁਪਏ ਦੇ ਰੇਲਵੇ ਪ੍ਰਾਜੈਕਟਾਂ 'ਤੇ ਕੰਮ ਚੱਲ ਰਿਹਾ ਹੈ। ਪ੍ਰੋਗਰਾਮ ਵਿੱਚ ਅੰਮ੍ਰਿਤ ਭਾਰਤ ਸਟੇਸ਼ਨ ਯੋਜਨਾ ਦੇ ਰਾਸ਼ਟਰੀ ਪ੍ਰੋਗਰਾਮ ਵਿੱਚ ਦਿੱਤੇ ਪ੍ਰਧਾਨ ਮੰਤਰੀ ਮੋਦੀ ਦੇ ਸੰਬੋਧਨ ਦਾ ਡਿਜੀਟਲ ਟੈਲੀਕਾਸਟ ਵੀ ਕੀਤਾ ਗਿਆ। ਪ੍ਰਧਾਨ ਮੰਤਰੀ ਮੋਦੀ ਨੇ ਸੋਮਵਾਰ ਨੂੰ ਦੇਸ਼ ਵਿੱਚ ਲਗਭਗ 41,000 ਕਰੋੜ ਰੁਪਏ ਦੀ ਲਾਗਤ ਵਾਲੇ 2,000 ਰੇਲ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ।



# ਪੰਜਾਬ ’ਚ ਲੋਕ ਸਭਾ ਚੋਣਾਂ ਨੂੰ ਲੈ ਕੇ ‘ਆਪ’ ਦੀ ਸਥਿਤੀ ਅਨੁਕੂਲ, ਕੀ ਸਿਰਜੇਗੀ ਨਵਾਂ ਇਤਿਹਾਸ?

ਲੋਕ ਸਭਾ ਦੀਆਂ ਚੋਣਾਂ ਦਾ ਬਿਗੁਲ ਵਜ ਚੁੱਕਾ ਹੈ। 12 ਅਤੇ 13 ਮਾਰਚ ਨੂੰ ਚੋਣ ਜ਼ਾਬਤਾ ਲੱਗਣ ਦੇ ਸ਼ੰਕੇਤ ਭਾਰਤ ਦੇ ਚੋਣ ਕਮਿਸ਼ਨ ਅਤੇ ਸਰਕਾਰ ਵੱਲੋਂ ਦਿੱਤੇ ਗਏ ਹਨ। ਸਾਰੇ ਦੇਸ਼ ’ਚ ਇਸ ਸਮੇਂ ਰਾਜਨੀਤਿਕ ਗਤੀਵਿਧੀਆਂ ਤੇਜ਼ੀ ਨਾਲ ਗਤੀ ਫੜ ਰਹੀਆਂ ਹਨ। ਪੰਜਾਬ ਵੀ ਇਸ ਤੋਂ ਅਛੂਤਾ ਨਹੀਂ ਹੈ। ਵਿਧਾਨ ਸਭਾ 2022 ਦੀਆਂ ਚੋਣਾਂ ਦੇ ਵਾਂਗ ਇਸ ਵਾਰ ਲੋਕ ਸਭਾ ’ਚ ਵੀ ਕਿਸਾਨ ਅੰਦੋਲਨ ਪੰਜਾਬ ’ਚ ਚੋਣਾਂ ਵਿਚ ਆਪਣੀ ਛਾਪ ਛੱਡਣ ਬਲ ਰਿਹਾ ਹੈ ਪਰ 2024 ਦੀਆਂ ਚੋਣਾਂ ਨੇ ਇਹ ਪ੍ਰਮਾਣਿਤ ਕਰ ਦਿੱਤਾ ਹੈ ਕਿ ਹੁਦ ਰਾਜਨੀਤਿਕ ਦਲ ਬਿਨਾਂ ਕਿਸੇ ਵਿਚਾਰਧਾਰਾ ਨੂੰ ਫੜ ਕੇ ਇਕ-ਦੂਸਰੇ ਦੇ ਨਾਲ ਸਮਝੌਤਾ ਕਰਨ ਦੀ ਬਜਾਏ ਜਿੱਤ ਨੂੰ ਇਕ ਮੂਲ ਮੰਤਰ ਸਮਝ ਕੇ ਗਠਜੋੜ ਕਰਨਗੇ। ਕਾਂਗਰਸ ਅਤੇ ਆਮ ਆਦਮੀ ਪਾਰਟੀ ਨੇ ਪੂਰੇ ਦੇਸ਼ ’ਚ ਪੰਜਾਬ ਨੂੰ ਛੱਡ ਕੇ ਗਠਜੋੜ ਕੀਤਾ ਹੈ, ਜਿਸ ਦਾ ਪ੍ਰਭਾਵ ਪੰਜਾਬ ’ਚ ਪੈਣਾ ਸੰਭਾਵਿਕ ਹੀ ਹੈ ਕਿਉਂਕਿ ਅਜਿਹਾ ਸੰਭਵ ਨਹੀਂ ਹੈ ਕਿ ਕਾਂਗਰਸ ਅਤੇ ਆਮ ਆਦਮੀ ਪਾਰਟੀ ਦਾ ਹਾਈਕਮਾਨ ਦਿਨ-ਪ੍ਰਤੀਦਿਨ ’ਚ ਘਿਓ-ਖਿਚੜੀ ਰਹੇ ਅਤੇ ਪੰਜਾਬ ’ਚ ਉਹ ਪੂਰੀ ਸ਼ਿੱਦਤ ਅਤੇ ਦੁਸ਼ਮਣੀ ਨਾਲ ਇਕ-ਦੂਸਰੇ ’ਤੇ ਪ੍ਰਹਾਰ ਕਰਨ। ਅਜਿਹੇ ਹਲਾਤਾਂ ’ਚ ਪੰਜਾਬ ਦੀ ਜਨਤਾ ਨੂੰ ਵੀ ਸਾਰੀ ਗੱਲ ਸਮਝ ਆ ਰਹੀ ਹੈ। ਦੂਸਰੇ ਅਤੇ ਕਿਸਾਨ ਅੰਦੋਲਨ ਦੇ ਮੁੱਦੇ ਨੂੰ ਲੈ ਕੇ ਭਾਜਪਾ ਅਤੇ ਅਕਾਲੀ ਦਲ ਬੈਕਫੁੱਟ ’ਤੇ ਆਏ ਹੋਏ ਹਨ ਅਤੇ ਉਨ੍ਹਾਂ ਨੇ ਆਪਣਾ ਗਠਜੋੜ ਹੋਲਡ ਕਰ ਰੱਖਿਆ ਹੋਇਆ ਹੈ।

ਆਮ ਆਦਮੀ ਪਾਰਟੀ ਇਕ-ਦੋ ਦਿਨ ’ਚ ਆਪਣੇ ਸਾਰੇ ਉਮੀਦਵਾਰ ਐਲਾਨ ਕਰਨ ਜਾ ਰਹੀ ਹੈ, ਜਿਸ ਦੀ ਜਾਣਕਾਰੀ ਪਾਰਟੀ ਸੁਪਰੀਮੋ ਨੇ ਖੁਦ ਦਿੱਤੀ ਸੀ ਕਿ ਫਰਵਰੀ ਦੇ ਅੰਤ ਤੱਕ ਪਾਰਟੀ ਆਪਣੇ ਉਮੀਦਵਾਰ ਐਲਾਨ ਕਰ ਦੇਵੇਗੀ। ਅਜਿਹੇ ਹਲਾਤਾਂ ’ਚ ਪੰਜਾਬ ਦੇ ਜੇਕਰ 13 ਉਮੀਦਵਾਰ ਆਮ ਆਦਮੀ ਪਾਰਟੀ ਨੇ ਐਲਾਨ ਕਰ ਦਿੱਤੇ ਤਾਂ ਜੋ ਲੋਕ ਇਹ ਮੰਨ ਕੇ ਚੱਲ ਰਹੇ ਹਨ ਕਿ ਅਕਾਲੀ-ਭਾਜਪਾ ਗਠਜੋੜ ਦੇ ਐਲਾਨ ਹੋਣ ਦੀ ਹਾਲਤ ’ਚ ਆਮ ਆਦਮੀ ਅਤੇ ਕਾਂਗਰਸ ਦਾ ਗਠਜੋੜ ਵੀ ਹੋਵੇਗਾ, ਉਸ ਦੀਆਂ ਸੰਭਾਵਨਾਵਾਂ ਮੱਧਮ ਪੈ ਜਾਣਗੀਆਂ ਕਿਉਂਕਿ ਕਿਸਾਨ ਅੰਦੋਲਨ ਅਜੇ ਲੰਬਾ ਚੱਲਦਾ ਹੋਇਆ ਨਜ਼ਰ ਆ ਰਿਹਾ ਹੈ ਅਤੇ ਹੋ ਸਕਦਾ ਹੈ ਕਿ ਅਕਾਲੀ-ਭਾਜਪਾ ਗਠਜੋੜ ਚੋਣ-ਜ਼ਾਬਤਾ ਲੱਗਣ ਤੱਕ ਵੀ ਐਲਾਨ ਨਾ ਹੋਵੇ। ਇਹ ਭਰਮ ਦੀ ਸਥਿਤੀ ਕਿਸ ਨੂੰ ਲਾਭ ਪਹੁੰਚਾਏਗੀ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।
ਕਾਂਗਰਸ ਦੇ ਸਾਰੇ ਪ੍ਰਦੇਸ਼ ਦੇ ਆਗੂ ਇਸ ਗੱਲ ਨੂੰ ਲੈ ਕੇ ਚਿੰਤਿਤ ਸਨ ਕਿ ਜੇਕਰ ਅਸੀਂ ਪੰਜਾਬ ’ਚ ਆਮ ਆਦਮੀ ਪਾਰਟੀ ਦੇ ਨਾਲ ਗਠਜੋੜ ਕੀਤਾ ਤਾਂ ਪਾਰਟੀ ਆਪਣਾ ਵਿਰੋਧੀ ਧਿਰ ਦਾ ਦਰਜਾ ਗੁਆ ਦੇਵੇਗੀ ਅਤੇ ਉਹ ਸਥਾਨ ਭਾਜਪਾ-ਅਕਾਲੀ ਦਲ ਲੈ ਲੈਣਗੇ। ਇਸੇ ਡਰੋਂ ਕਾਂਗਰਸ ਨੇ ਇਸ ਗਠਜੋੜ ਦਾ ਵਿਰੋਧ ਕੀਤਾ ਸੀ ਪਰ ਹੁਣ ਸਾਰੇ ਦੇਸ਼ ਦੇ ਬਾਕੀ ਹਿੱਸਿਆਂ ’ਚ ਅਤੇ ਇੱਥੋਂ ਤੱਕ ਕਿ ਚੰਡੀਗੜ੍ਹ ’ਚ ਵੀ ਗਠਜੋੜ ਹੋ ਗਿਆ ਹੈ ਤਾਂ ਅਜਿਹੇ ਹਲਾਤ ’ਚ ਦੋਵੇਂ ਹੀ ਪਾਰਟੀਆਂ ਦੇ ਵੱਡੇ ਆਗੂ ਪੰਜਾਬ ’ਚ ਇਕ-ਦੂਸਰੇ ’ਤੇ ਕਿਵੇਂ ਹਮਲਾ ਕਰਨਗੇ ਇਹ ਦੇਖਣ ਲਾਇਕ ਹੋਵੇਗਾ। ਜੇਕਰ ਫਰੈਂਡਲੀ ਮੈਚ ਖੇਡਿਆ ਗਿਆ ਤਾਂ ਵੀ ਵਿਰੋਧੀ ਧਿਰ ਇਸ ਨੂੰ ਚੁੱਕਣਗੇ ਅਤੇ ਜਨਤਾ ਇਸ ਨੂੰ ਕਿਸ ਤਰ੍ਹਾਂ ਨਾਲ ਲੈਂਦੀ ਹੈ, ਉਸ ’ਤੇ ਵੀ ਸਾਰਿਆਂ ਦੀਆਂ ਨਜ਼ਰਾਂ ਰਹਿਣਗੀਆਂ।

ਆਮ ਆਦਮੀ ਪਾਰਟੀ ਦੇ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪਿਛਲੇ ਕਈ ਮਹੀਨਿਆਂ ਤੋਂ ਪੰਜਾਬ ’ਚ ਰੈਲੀਆਂ ਦੌਰੇ ਕਰ ਰਹੇ ਹਨ ਅਤੇ ਪਾਰਟੀ ਦੇ ਹੱਕ ’ਚ ਮਾਹੌਲ ਬਣਾਉਣ ’ਚ ਲੱਗੇ ਹੋਏ ਹਨ। ਲੋਕਾਂ ਦੀਆਂ ਸਮੱਸਿਆਵਾਂ ਦਾ ਤੁਰੰਤ ਹੱਲ ਕੀਤਾ ਜਾ ਰਿਹਾ ਹੈ, ਅਫਸਰਾਂ ਦੀ ਪੂਰੀ ਫੌਜ ਨਾਲ ਚੱਲ ਰਹੀ ਹੈ ਅਤੇ ਆਨ ਦਿਨ ਸਪੋਟ ਫੈਸਲੇ ਲਏ ਜਾ ਰਹੇ ਹਨ। ਦੋ ਮੁੱਦੇ ਜਿਸ ਨੂੰ ਲੈ ਕੇ ਹੁਣ ਆਮ ਲੋਕ ਆਵਾਜ਼ ਚੁੱਕ ਰਹੇ ਹਨ ਅਤੇ ਉਹ ਵੋਟਰਾਂ ਨੂੰ ਪ੍ਰਭਾਵਿਤ ਕਰ ਰਹੇ ਹਨ, ਉਸ ’ਚੋਂ ਇਕ ਬਿਜਲੀ ਦੇ ਬਿੱਲਾਂ ਦਾ ਫ੍ਰੀ ਹੋਣਾ, ਜਿਨ੍ਹਾਂ ਦੀ ਗਿਣਤੀ ਪੂਰੇ ਪੰਜਾਬ ’ਚ 90 ਪ੍ਰਤੀਸ਼ਤ ਦੇ ਆਸ-ਪਾਸ ਹੈ।
ਦੂਸਰਾ ਫੈਸਲਾ ਜੋ ਪੰਜਾਬ ਸਰਕਾਰ ਨੇ ਲਿਆ ਹੈ ਉਹ ਲੋਕਾਂ ਨੂੰ ਪ੍ਰਭਾਵਿਤ ਕਰ ਰਿਹਾ ਹੈ ਉਹ ਹੈ ਸਿਵਲ ਹਸਪਤਾਲ ’ਚੋਂ ਸ਼ਤ-ਪ੍ਰਤੀਸ਼ਤ ਦਵਾਈ ਦਾ ਫ੍ਰੀ ਮਿਲਣਾ, ਜੋ ਦਵਾਈ ਹਸਪਤਾਲ ’ਚ ਉਪਲੱਬਧ ਨਹੀਂ ਹੋਵੇਗੀ, ਉਹ ਸਰਕਾਰੀ ਹਸਪਤਾਲ ਖੁਦ ਖਰੀਦ ਕੇ ਮਰੀਜ਼ ਨੂੰ ਦੇਵੇਗਾ। ਇਸੇ ਤਰ੍ਹਾਂ ਸਾਰੇ ਟੈਸਟ ਅਤੇ ਅਲਟਰਾਸਾਊਂਡ ਵੀ ਕੀਤੇ ਜਾ ਰਹੇ ਹਨ। ਬਿਨ੍ਹਾਂ ਸ਼ੱਕ ਇਸ ਯੋਜਨਾ ਨੂੰ ਲੈ ਕੇ ਕਈ ਤਰ੍ਹਾਂ ਦੀਆਂ ਅੜਚਣਾਂ ਪਾਈਆਂ ਜਾ ਰਹੀਆਂ ਹਨ ਪਰ ਜੇਕਰ ਸਰਕਾਰ ਇਸੇ ਤਰ੍ਹਾਂ ਸਖ਼ਤ ਰਹੀ ਤਾਂ ਇਹ ਯੋਜਨਾ ਵੀ ਅਗਲੇ ਚਾਰ ਮਹੀਨਿਆਂ ’ਚ ਆਪਣਾ ਅਸਰ ਦਿਖਾਏਗੀ।

# ਸਿੱਧੂ ਮੂਸੇਵਾਲਾ ਘਰ ਆਵੇਗੀ ਖ਼ੁਸ਼ਖ਼ਬਰੀ, ਮਾਰਚ ਚ ਬੱਚੇ ਨੂੰ ਜਨਮ ਦੇਵੇਗੀ ਮਾਂ ਚਰਨ ਕੌਰ



ਮਰਹੂਮ ਪੰਜਾਬੀ ਗਾਇਕ ਸ਼ੁੱਭਦੀਪ ਸਿੰਘ ਸਿੱਧੂ ਉਰਫ਼ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਦੇ ਘਰ ਖੁਸ਼ੀਆਂ ਪਰਤਨ ਵਾਲੀਆਂ ਹਨ, ਕਿਉਂਕਿ ਮਾਤਾ ਚਰਨ ਕੌਰ ਅਗਲੇ ਮਹੀਨੇ ਬੱਚੇ ਨੂੰ ਜਨਮ ਦੇਣ ਜਾ ਰਹੀ ਹੈ। ਇਹ ਵਜ੍ਹਾ ਹੈ ਕਿ ਉਹ ਪਿਛਲੇ ਕਈ ਮਹੀਨਿਆਂ ਤੋਂ ਘੱਟ ਹੀ ਬਾਹਰ ਨਿਕਲਦੇ ਹਨ ਤੇ ਹਰ ਐਤਵਾਰ ਨੂੰ ਆਪਣੇ ਪੁੱਤਰ ਦੇ ਫੈਨਜ਼ ਨੂੰ ਵੀ ਨਹੀਂ ਮਿਲ ਰਹੇ। ਮਰਹੂਮ ਗਾਇਕ ਦੇ ਤਾਏ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ। ਸਿੱਧੂ ਮੂਸੇਵਾਲਾ ਆਪਣੇ ਮਾਤਾ-ਪਿਤਾ ਦਾ ਇਕਲੌਤਾ ਪੁੱਤਰ ਸੀ ਅਤੇ ਉਸ ਦੇ ਕਤਲ ਨਾਲ ਬਜ਼ੁਰਗ ਮਾਪਿਆਂ ਦਾ ਕੋਈ ਸਹਾਰਾ ਨਹੀਂ ਰਿਹਾ। ਇਸ ਕਾਰਨ ਉਸ ਦੀ ਮਾਂ ਚਰਨ ਕੌਰ ਆਈ.ਵੀ.ਐੱਫ. ਰਾਹੀਂ ਗਰਭਵਤੀ ਹੋ ਗਈ। ਜਦੋਂ ਮੀਡੀਆ ਨੇ ਗਾਇਕ ਦੇ ਤਾਇਆ ਚਮਕੌਰ ਸਿੰਘ ਸਿੱਧੂ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਇਸ ਗੱਲ ਦੀ ਪੁਸ਼ਟੀ ਕੀਤੀ। ਉਨ੍ਹਾਂ ਕਿਹਾ ਕਿ ਅਸੀਂ ਪ੍ਰਮਾਤਮਾ ਦੇ ਸ਼ੁਕਰਗੁਜ਼ਾਰ ਹਾਂ ਕਿ ਸਾਡੇ ਵਿਹੜੇ ਵਿਚ ਨਵੀਂ ਜ਼ਿੰਦਗੀ ਆ ਰਹੀ ਹੈ।ਜ਼ਿਕਰਯੋਗ ਹੈ ਕਿ 29 ਮਈ 2022 ਨੂੰ ਮਾਨਸਾ ਨੇੜਲੇ ਪਿੰਡ ਜਵਾਹਰਕੇ ਵਿਚ ਵਿਸ਼ਵ ਪ੍ਰਸਿੱਧ ਗਾਇਕ ਸ਼ੁਭਦੀਪ ਸਿੰਘ ਸਿੱਧੂ ਉਰਫ਼ ਸਿੱਧੂ ਮੂਸੇਵਾਲਾ ਦਾ ਅੰਨ੍ਹੇਵਾਹ ਗੋਲੀਆਂ ਚਲਾ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਸੀ। ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਨੇ ਇਸ ਕਤਲ ਦੀ ਜ਼ਿੰਮੇਵਾਰੀ ਲਈ ਸੀ।

# ਸੋਸ਼ਲ ਮੀਡੀਆ ਸਟਾਰ ਅਨਾਮਿਕਾ ਬਿਸ਼ਨੋਈ ਨੂੰ ਪਤੀ ਨੇ ਮਾਰੀ ਗੋਲੀ, CCTV 'ਚ ਕੈਦ ਹੋਈ ਪੂਰੀ ਘਟਨਾ



ਹਾਲ ਹੀ 'ਚ ਖ਼ਬਰ ਸਾਹਮਣੇ ਆਈ ਹੈ ਕਿ ਸੋਸ਼ਲ ਮੀਡੀਆ ਸਟਾਰ ਅਨਾਮਿਕਾ ਬਿਸ਼ਨੋਈ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਹੈ। ਜੀ ਹਾਂ, ਅਨਾਮਿਕਾ ਦਾ ਕਤਲ ਉਸ ਦੇ ਪਤੀ ਵਲੋਂ ਗੋਲੀ ਮਾਰ ਕੇ ਕੀਤਾ ਗਿਆ ਹੈ, ਜਿਸ ਦੀਆਂ ਤਸਵੀਰਾਂ ਤੇ ਵੀਡੀਓ CCTV ਕੈਮਰੇ 'ਚ ਕੈਦ ਹੋ ਗਈਆਂ ਹਨ। ਅਨਾਮਿਕਾ ਦੀਆਂ ਇਹ ਤਸਵੀਰਾਂ ਤੇ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀਆਂ ਹਨ। ਦੱਸ ਦਈਏ ਕਿ ਸਟਾਰ ਅਨਾਮਿਕਾ ਦਾ ਅੰਤਿਮ ਸੰਸਕਾਰ ਬੀਕਾਨੇਰ ਦੇ ਨਗਰਸਰ 'ਚ ਕੀਤਾ ਜਾਵੇਗਾ। ਦੱਸਿਆ ਜਾ ਰਿਹਾ ਹੈ ਕਿ ਇਹ ਸੋਸ਼ਲ ਮੀਡੀਆ ਸਟਾਰ ਕਲੈਕਸ਼ਨ ਸੈਂਟਰ ਵੀ ਚਲਾਉਂਦੀ ਸੀ। ਅਨਾਮਿਕਾ ਦੇ ਸੋਸ਼ਲ ਮੀਡੀਆ 'ਤੇ ਇੱਕ ਲੱਖ ਤੋਂ ਜ਼ਿਆਦਾ ਫਾਲੋਵਰ ਹਨ। ਦੱਸਿਆ ਜਾ ਰਿਹਾ ਹੈ ਕਿ ਕੋਰਟ 'ਚ ਦਾਜ ਦਾ ਮਾਮਲਾ ਵੀ ਚੱਲ ਰਿਹਾ ਹੈ। ਮ੍ਰਿਤਕਾ ਆਪਣੇ ਪਤੀ ਤੋਂ ਵੱਖਰੀ ਆਪਣੇ ਬੱਚਿਆਂ ਨਾਲ ਰਹਿ ਰਹੀ ਸੀ।

ਸੋਸ਼ਲ ਮੀਡੀਆ 'ਤੇ ਜੋ ਵੀਡੀਓ ਵਾਇਰਲ ਹੋ ਰਹੀ ਹੈ, ਉਸ 'ਚ ਪਤੀ ਨੂੰ ਗੋਲੀ ਮਾਰਦੇ ਹੋਏ ਦਿਖਾਇਆ ਗਿਆ ਹੈ। ਇਹ ਘਟਨਾ ਉਸ ਦੇ ਦਫ਼ਤਰ 'ਚ ਲੱਗੇ CCTV ਕੈਮਰੇ 'ਚ ਕੈਦ ਹੋ ਗਈ। ਵੀਡੀਓ 'ਚ ਤੁਸੀਂ ਵੇਖ ਸਕਦੇ ਹੋ ਕਿ ਅਨਾਮਿਕਾ ਦੇ ਪਤੀ ਨੇ ਬਹੁਤ ਨੇੜਿਓਂ ਉਸ ਨੂੰ ਗੋਲੀ ਮਾਰੀ ਹੈ। ਸ਼ੁਰੂਆਤੀ ਜਾਂਚ 'ਚ ਇਹ ਕਿਹਾ ਗਿਆ ਸੀ ਕਿ ਅਨਾਮਿਕਾ ਨੇ ਖੁਦਕੁਸ਼ੀ ਕੀਤੀ ਹੈ, ਜਿਸ ਤੋਂ ਬਾਅਦ ਪੁਲਸ ਇਸ ਮਾਮਲੇ ਨੂੰ ਖੁਦਕੁਸ਼ੀ ਦਾ ਮਾਮਲਾ ਮੰਨ ਰਹੀ ਸੀ।

ਜਿਸ ਦੀ ਭਾਲ ਪੁਲਸ ਵੱਲੋਂ ਕੀਤੀ ਜਾ ਰਹੀ ਹੈ। ਇਸ ਮਾਮਲੇ ਦੇ ਹਰ ਪਹਿਲੂ ਤੋਂ ਪੁਲਸ ਜਾਂਚ ਕਰ ਰਹੀ ਹੈ। ਗਿਆਨਇੰਦਰ ਨਾਂ ਦੇ ਸ਼ਖਸ ਨੇ ਅਨਾਮਿਕਾ ਦੇ ਕਤਲ ਦਾ ਇਹ ਵੀਡੀਓ ਸਾਂਝਾ ਕੀਤਾ ਹੈ, ਜਿਸ 'ਚ ਤੁਸੀਂ ਵੇਖ ਸਕਦੇ ਹੋ ਕਿ ਮਹਿਲਾ ਨੂੰ ਬਹੁਤ ਹੀ ਨੇੜਿਓਂ ਗੋਲੀ ਮਾਰੀ ਗਈ ਹੈ ਅਤੇ ਉਸ 'ਤੇ ਇੱਕ ਨਹੀਂ ਦੋ ਤਿੰਨ ਵਾਰ ਗੋਲੀ ਚਲਾਈ ਗਈ ਹੈ।

# 72 ਸਾਲ ਦੀ ਉਮਰ ’ਚ ਪੈਨਕ੍ਰੀਆਜ਼ ਕੈਂਸਰ ਨਾਲ ਹੋਈ ਮੌਤ



ਮਸ਼ਹੂਰ ਗ਼ਜ਼ਲ ਗਾਇਕ ਪੰਕਜ ਉਧਾਸ ਅੱਜ ਪੰਜ ਤੱਤਾ ’ਚ ਵਿਲੀਨ ਹੋ ਜਾਣਗੇ। ਉਨ੍ਹਾਂ ਦਾ ਅੰਤਿਮ ਸੰਸਕਾਰ ਮੁੰਬਈ ਦੇ ਵਰਲੀ ਸਥਿਤ ਹਿੰਦੂ ਕ੍ਰਿਮੇਟੋਰੀਅਮ ’ਚ ਦੁਪਹਿਰ 3 ਤੋਂ 5 ਵਜੇ ਤੱਕ ਕੀਤਾ ਜਾਵੇਗਾ। ਉਨ੍ਹਾਂ ਦਾ 72 ਸਾਲ ਦੀ ਉਮਰ ’ਚ ਬੀਤੇ ਸੋਮਵਾਰ ਨੂੰ ਦਿਹਾਂਤ ਹੋ ਗਿਆ। ਉਨ੍ਹਾਂ ਦੇ ਦਿਹਾਂਤ ਦੀ ਜਾਣਕਾਰੀ ਉਨ੍ਹਾਂ ਦੀ ਧੀ ਨਾਇਬ ਉਧਾਸ ਨੇ ਸੋਸ਼ਲ ਮੀਡੀਆ ’ਤੇ ਦਿੱਤੀ। ਗ਼ਜ਼ਲ ਗਾਇਕ ਜੈਜ਼ੀਮ ਸ਼ਰਮਾ ਨੇ ਦੱਸਿਆ ਕਿ ਉਹ ਪੈਨਕ੍ਰੀਆਜ਼ ਕੈਂਸਰ ਨਾਲ ਜੂਝ ਰਹੇ ਸਨ। 10 ਦਿਨ ਪਹਿਲਾਂ ਸਾਹ ਲੈਣ ’ਚ ਤਕਲੀਫ਼ ਹੋਣ ਕਾਰਨ ਉਨ੍ਹਾਂ ਨੂੰ ਮੁੰਬਈ ਦੇ ਬ੍ਰੀਚ ਕੈਂਡੀ ਹਸਪਤਾਲ ’ਚ ਦਾਖ਼ਲ ਕਰਵਾਇਆ ਗਿਆ ਸੀ। ਜਿਥੇ ਸੋਮਵਾਰ ਸਵੇਰੇ 11 ਵਜੇ ਉਨ੍ਹਾਂ ਨੇ ਆਖਰੀ ਸਾਹ ਲਿਆ। ਪੰਕਜ ਆਪਣੇ ਪਿੱਛੇ ਪਤਨੀ ਫਰੀਦਾ ਤੇ ਦੋ ਧੀਆਂ ਨਾਇਬ ਤੇ ਰੇਵਾ ਨੂੰ ਛੱਡ ਗਏ ਹਨ।ਪੰਕਜ ਉਧਾਸ ਦਾ ਜਨਮ 17 ਮਈ, 1951 ਨੂੰ ਜੇਤਪੁਰ, ਗੁਜਰਾਤ ’ਚ ਹੋਇਆ ਸੀ। ਉਨ੍ਹਾਂ ਦਾ ਪਰਿਵਾਰ ਰਾਜਕੋਟ ਦੇ ਨੇੜੇ ਚਰਖੜੀ ਕਸਬੇ ਦਾ ਵਸਨੀਕ ਸੀ। ਉਨ੍ਹਾਂ ਦੇ ਦਾਦਾ ਜੀ ਭਾਵਨਗਰ ਦੇ ਜ਼ਿਮੀਂਦਾਰ ਤੇ ਦੀਵਾਨ ਸਨ। ਉਨ੍ਹਾਂ ਦੇ ਪਿਤਾ ਕੇਸ਼ੂਭਾਈ ਸਰਕਾਰੀ ਮੁਲਾਜ਼ਮ ਸਨ। ਪਿਤਾ ਨੂੰ ਇਸਰਾਜ (ਇਕ ਸੰਗੀਤਕ ਸਾਜ਼) ਵਜਾਉਣ ਦਾ ਸ਼ੌਕ ਸੀ ਤੇ ਮਾਂ ਜੀਤੂਬੇਨ ਗਾਉਣ ਦੀ ਸ਼ੌਕੀਨ ਸੀ। ਇਸ ਕਾਰਨ ਪੰਕਜ ਉਧਾਸ ਤੇ ਉਨ੍ਹਾਂ ਦੇ ਦੋਵੇਂ ਭਰਾ ਸੰਗੀਤ ਵੱਲ ਮੁੜ ਗਏ।

ਪੰਕਜ ਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਉਹ ਗਾਇਕੀ ’ਚ ਕਰੀਅਰ ਬਣਾ ਲੈਣਗੇ। ਉਨ੍ਹੀਂ ਦਿਨੀਂ ਭਾਰਤ-ਚੀਨ ਜੰਗ ਚੱਲ ਰਹੀ ਸੀ। ਇਸ ਦੌਰਾਨ ਲਤਾ ਮੰਗੇਸ਼ਕਰ ਦਾ ਗੀਤ ‘ਏ ਮੇਰੇ ਵਤਨ ਕੇ ਲੋਗੋਂ’ ਗੀਤ ਰਿਲੀਜ਼ ਹੋਇਆ। ਪੰਕਜ ਨੇ ਇਹ ਗੀਤ ਗਾਇਆ। ਉਨ੍ਹਾਂ ਦੇ ਗੀਤ ਨਾਲ ਲੋਕਾਂ ਦੀਆਂ ਅੱਖਾਂ ਨਮ ਹੋ ਗਈਆਂ। ਇਕ ਸਰੋਤੇ ਨੇ ਉਨ੍ਹਾਂ ਨੂੰ ਇਨਾਮ ਵਜੋਂ 51 ਰੁਪਏ ਦਿੱਤੇ। ਇਹ ਉਨ੍ਹਾਂ ਦੀ ਗਾਇਕੀ ਤੋਂ ਪਹਿਲੀ ਕਮਾਈ ਸੀ।ਪੰਕਜ ਦੇ ਦੋਵੇਂ ਭਰਾ ਮਨਹਰ ਤੇ ਨਿਰਜਲ ਉਧਾਸ ਸੰਗੀਤ ਉਦਯੋਗ ’ਚ ਜਾਣੇ-ਪਛਾਣੇ ਨਾਮ ਸਨ। ਸਕੂਲ ’ਚ ਪੰਕਜ ਦੇ ਸ਼ਾਨਦਾਰ ਪ੍ਰਦਰਸ਼ਨ ਤੋਂ ਬਾਅਦ ਉਨ੍ਹਾਂ ਦੇ ਮਾਤਾ-ਪਿਤਾ ਨੂੰ ਲੱਗਾ ਕਿ ਪੰਕਜ ਵੀ ਆਪਣੇ ਭਰਾਵਾਂ ਵਾਂਗ ਸੰਗੀਤ ਖੇਤਰ ’ਚ ਬਿਹਤਰ ਪ੍ਰਦਰਸ਼ਨ ਕਰ ਸਕਦੇ ਹਨ। ਇਸ ਤੋਂ ਬਾਅਦ ਉਨ੍ਹਾਂ ਨੂੰ ਰਾਜਕੋਟ ਦੀ ਮਿਊਜ਼ਿਕ ਅਕੈਡਮੀ ’ਚ ਦਾਖ਼ਲ ਕਰਵਾਇਆ ਗਿਆ।

# ਪੰਜਾਬੀ ਗਾਇਕਾ ਤਨਿਸ਼ਕ ਕੌਰ ਨੇ ਕਰਵਾਇਆ ਵਿਆਹ,



ਇੰਨੀਂ ਦਿਨੀਂ ਪੰਜਾਬੀ ਫ਼ਿਲਮ ਇੰਡਸਟਰੀ ‘ਚ ਵਿਆਹਾਂ ਦਾ ਸੀਜ਼ਨ ਚੱਲ ਰਿਹਾ ਹੈ। ਰਕੁਲਪ੍ਰੀਤ ਜੈਕੀ ਭਗਨਾਨੀ ਅਤੇ ਮੈਂਡੀ ਤੱਖਰ ਤੋਂ ਬਾਅਦ ਹੁਣ ਪੰਜਾਬੀ ਗਾਇਕਾ ਤਨਿਸ਼ਕ ਕੌਰ ਵੀ ਵਿਆਹ ਦੇ ਬੰਧਨ 'ਚ ਬੱਝ ਚੁੱਕੀ ਹੈ।ਇਸ ਸਮੇਂ ਪੰਜਾਬੀ ਗਾਇਕਾ ਤਨਿਸ਼ਕ ਦੇ ਵਿਆਹ ਦੀਆਂ ਤਸਵੀਰਾਂ ਸੋਸ਼ਲ ਮੀਡੀਆ ‘ਤੇ ਖਿੱਚ ਦਾ ਕੇਂਦਰ ਬਣੀਆਂ ਹੋਈਆਂ ਹਨ।ਤਨਿਸ਼ਕ ਵਿਆਹ ਦੇ ਜੋੜੇ 'ਚ ਬੇਹੱਦ ਖੂਬਸੂਰਤ ਨਜ਼ਰ ਆ ਰਹੀ ਹੈ। ਦੁਲਹਨ ਦੇ ਪਹਿਰਾਵੇ ‘ਚ ਉਨ੍ਹਾਂ ਨੇ ਫ਼ੈਨਜ ਨੂੰ ਆਪਣਾ ਦੀਵਾਨਾ ਬਣਾ ਲਿਆ ਹੈ। ਪ੍ਰਸ਼ੰਸਕਾਂ ਦੇ ਨਾਲ-ਨਾਲ ਪੰਜਾਬੀ ਸਿਤਾਰਿਆਂ ਵੱਲੋਂ ਤਨਿਸ਼ਕ ਨੂੰ ਵਿਆਹ ਦੀ ਵਧਾਈ ਦਿੱਤੀ ਜਾ ਰਹੀ ਹੈ।ਇਸ ਤੋਂ ਇਲਾਵਾ ਗਾਇਕਾ ਨੇ ਆਪਣੇ ਸ਼ਗਨ ਦੇ ਸਮਾਨ ਸਣੇ ਹਲਦੀ ਫੰਕਸ਼ਨ ਦਾ ਵੀਡੀਓ ਵੀ ਸ਼ੇਅਰ ਕੀਤਾ ਸੀ, ਜਿਸ ਨੂੰ ਪ੍ਰਸ਼ੰਸਕਾਂ ਵੱਲੋਂ ਖੂਬ ਪਸੰਦ ਕੀਤਾ ਗਿਆ।

# ਭਾਰਤੀ ਬੈਡਮਿੰਟਨ ਖਿਡਾਰਨ ਰਕਸ਼ਾ ਨੇ ਸ਼ਾਨਦਾਰ ਪ੍ਰਦਰਸ਼ਨ ਨਾਲ ਜਿੱਤਿਆ ਇਟਾਲੀਅਨ ਜੂਨੀਅਰ ਸਿੰਗਲਜ਼ ਦਾ ਖਿਤਾਬ



ਭਾਰਤੀ ਬੈਡਮਿੰਟਨ ਖਿਡਾਰਨ ਰਕਸ਼ਾ ਕਾਂਦਾਸਾਮੀ ਨੇ ਆਪਣਾ ਸ਼ਾਨਦਾਰ ਪ੍ਰਦਰਸ਼ਨ ਜਾਰੀ ਰੱਖਦੇ ਹੋਏ ਫਾਈਨਲ ਵਿਚ ਹਮਵਤਨ ਅਨੰਨਿਆ ਅਗਰਵਾਲ ਨੂੰ 21-14, 21-12 ਨਾਲ ਹਰਾ ਕੇ ਇਟਲੀ ਦਾ ਜੂਨੀਅਰ ਸਿੰਗਲਜ਼ ਖਿਤਾਬ ਜਿੱਤ ਲਿਆ। ਰਕਸ਼ਾ ਨੇ ਇਟਲੀ ਦੇ ਮਿਲਾਨ ਵਿੱਚ 23 ਤੋਂ 25 ਫਰਵਰੀ ਤੱਕ ਹੋਏ ਟੂਰਨਾਮੈਂਟ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ 64 ਖਿਡਾਰੀਆਂ ਦੇ ਡਰਾਅ ਵਿੱਚ ਇੱਕ ਵੀ ਗੇਮ ਗੁਆਏ ਬਿਨਾਂ ਖਿਤਾਬ ਜਿੱਤ ਲਿਆ। ਸੈਮੀਫਾਈਨਲ 'ਚ ਵੀ ਰਕਸ਼ਾ ਨੇ ਹਮਵਤਨ ਭਾਰਤੀ ਪ੍ਰਕ੍ਰਿਤੀ ਭਾਰਤ ਨੂੰ ਇਕਤਰਫਾ ਮੁਕਾਬਲੇ 'ਚ 21-10, 21-8 ਨਾਲ ਹਰਾਇਆ ਸੀ। ਇਸ ਤੋਂ ਇਲਾਵਾ ਰਕਸ਼ਾ ਨੇ ਕੁਆਰਟਰ ਫਾਈਨਲ 'ਚ ਸਲੋਵੇਨੀਆ ਦੀ ਅੰਜਾ ਬਲਾਜ਼ੀਨਾ ਨੂੰ 21-9, 21-14 ਨਾਲ ਹਰਾਇਆ ਸੀ। ਪਿਛਲੇ ਸਾਲ ਆਲ ਇੰਗਲੈਂਡ ਜੂਨੀਅਰ ਓਪਨ ਚੈਂਪੀਅਨਸ਼ਿਪ 'ਚ ਚਾਂਦੀ ਦਾ ਤਗਮਾ ਜਿੱਤਣ ਵਾਲੀ ਰਕਸ਼ਾ ਨੇ ਕਿਹਾ, ''ਇਹ ਜਿੱਤ ਸੱਚਮੁੱਚ ਪ੍ਰੇਰਨਾਦਾਇਕ ਹੈ ਅਤੇ ਪਿਛਲੇ ਕੁਝ ਮਹੀਨਿਆਂ 'ਚ ਜਿਸ ਤਰ੍ਹਾਂ ਨਾਲ ਮੇਰੀ ਖੇਡ 'ਚ ਸੁਧਾਰ ਹੋਇਆ ਹੈ, ਉਸ ਤੋਂ ਮੈਂ ਸੱਚਮੁੱਚ ਖੁਸ਼ ਹਾਂ। ਉਸ ਨੇ ਕਿਹਾ, "ਇਹ ਪ੍ਰਦਰਸ਼ਨ ਅਸਲ ਵਿੱਚ ਉਤਸ਼ਾਹਜਨਕ ਹੈ ਅਤੇ ਮੈਂ ਇਸ ਸਾਲ ਯੂਰਪ ਵਿੱਚ ਕਈ ਹੋਰ ਟੂਰਨਾਮੈਂਟਾਂ ਵਿੱਚ ਹਿੱਸਾ ਲੈਣ ਦੀ ਉਮੀਦ ਕਰ ਰਹੀ ਹਾਂ।" ਮੁੰਬਈ ਦੀ 17 ਸਾਲਾ ਬੈਡਮਿੰਟਨ ਖਿਡਾਰਨ ਰਕਸ਼ਾ 11ਵੀਂ ਜਮਾਤ ਵਿੱਚ ਪੜ੍ਹਦੀ ਹੈ। ਉਹ ਵਿਸ਼ਵ ਜੂਨੀਅਰਜ਼ ਵਿੱਚ ਥਾਂ ਬਣਾਉਣ ਦੇ ਉਦੇਸ਼ ਨਾਲ ਕੁਝ ਹੋਰ ਟੂਰਨਾਮੈਂਟਾਂ ਵਿੱਚ ਹਿੱਸਾ ਲੈਣ ਲਈ ਯੂਰਪ ਵਿੱਚ ਰਹੇਗੀ।

# ਲੰਡਨ ਦੇ ਇਕ ਰੈਸਟੋਰੈਂਟ 'ਚ ਧੀ ਵਾਮਿਕਾ ਨਾਲ ਦਿਸੇ ਵਿਰਾਟ ਕੋਹਲੀ, ਤਸਵੀਰ ਹੋਈ ਵਾਇਰਲ



ਵਿਰਾਟ ਕੋਹਲੀ ਅਤੇ ਅਨੁਸ਼ਕਾ ਸ਼ਰਮਾ ਆਪਣੇ ਬੇਟੇ ਅਕਾਯ ਦੇ ਜਨਮ ਤੋਂ ਹੀ ਲੰਡਨ ਵਿੱਚ ਹਨ। ਅਜਿਹੇ 'ਚ ਹਾਲ ਹੀ 'ਚ ਵਿਰਾਟ ਕੋਹਲੀ ਨੂੰ ਲੰਡਨ ਦੇ ਇਕ ਰੈਸਟੋਰੈਂਟ 'ਚ ਬੇਟੀ ਵਾਮਿਕਾ ਨਾਲ ਦੇਖਿਆ ਗਿਆ। ਦੋਵਾਂ ਦੀ ਇਹ ਤਸਵੀਰ ਇੰਟਰਨੈੱਟ 'ਤੇ ਤੇਜ਼ੀ ਨਾਲ ਵਾਇਰਲ ਹੁੰਦੀ ਨਜ਼ਰ ਆ ਰਹੀ ਹੈ।26 ਫਰਵਰੀ, 2024 ਨੂੰ, ਵਿਰਾਟ ਕੋਹਲੀ ਦੇ ਫੈਨਜ਼ ਪੇਜ ਨੇ ਵਿਰਾਟ ਦੀ ਆਪਣੀ ਬੇਟੀ ਵਾਮਿਕਾ ਨਾਲ ਇੱਕ ਫੋਟੋ ਸਾਂਝੀ ਕੀਤੀ। ਇਸ ਤਸਵੀਰ ਵਿੱਚ ਵਾਮਿਕਾ ਜਿੱਥੇ ਖਾਣ ਵਿੱਚ ਰੁੱਝੀ ਹੋਈ ਨਜ਼ਰ ਆ ਰਹੀ ਹੈ, ਉੱਥੇ ਹੀ ਵਿਰਾਟ ਆਪਣਾ ਫੋਨ ਚੈੱਕ ਕਰਦੇ ਨਜ਼ਰ ਆ ਰਹੇ ਹਨ। ਵਾਮਿਕਾ ਨੇ ਨੀਲੇ ਅਤੇ ਚਿੱਟੇ ਰੰਗ ਦੀ ਧਾਰੀਦਾਰ ਸਵੈਟਰ ਪਾਇਆ ਹੋਇਆ ਹੈ। ਉਸ ਨੇ ਆਪਣੇ ਲੰਬੇ ਵਾਲਾਂ ਦੀ ਪੋਨੀ ਵੀ ਬਣਾਈ ਹੈ।ਅਨੁਸ਼ਕਾ ਸ਼ਰਮਾ ਨੇ 15 ਫਰਵਰੀ ਨੂੰ ਬੇਟੇ ਨੂੰ ਜਨਮ ਦਿੱਤਾ ਸੀ। ਉਸ ਨੇ ਇਹ ਜਾਣਕਾਰੀ 20 ਫਰਵਰੀ ਨੂੰ ਇੱਕ ਇੰਸਟਾਗ੍ਰਾਮ ਪੋਸਟ ਵਿੱਚ ਦਿੱਤੀ। ਜੋੜੇ ਨੇ ਕਿਹਾ- ਤੁਹਾਡੀਆਂ ਦੁਆਵਾਂ ਦੀ ਲੋੜ ਹੈ। ਕਿਰਪਾ ਕਰਕੇ ਇਸ ਸਮੇਂ ਸਾਡੀ ਗੋਪਨੀਯਤਾ ਦਾ ਧਿਆਨ ਰੱਖੋ। ਜੋੜੇ ਨੇ ਆਪਣੇ ਬੇਟੇ ਦਾ ਨਾਂ ਅਕਾਯ ਰੱਖਿਆ ਹੈ। ਇਸਦਾ ਅਰਥ ਵੀ ਨਿਰਾਕਾਰ ਜਾਂ ਪੂਰਨ ਚੰਦਰਮਾ ਜਾਂ ਪੂਰਨਮਾਸ਼ੀ ਦਾ ਪ੍ਰਕਾਸ਼ ਹੈ। ਉਨ੍ਹਾਂ ਦੀ ਪਹਿਲਾਂ ਹੀ ਇੱਕ ਬੇਟੀ ਹੈ। ਜਿਸ ਦਾ ਨਾਮ ਵਾਮਿਕਾ ਹੈ। ਭਗਵਾਨ ਸ਼ਿਵ ਅਤੇ ਦੇਵੀ ਪਾਰਵਤੀ ਦੇ ਸੰਯੁਕਤ ਰੂਪ ਨੂੰ ਵਾਮਿਕਾ ਕਿਹਾ ਜਾਂਦਾ ਹੈ।

# ਆਂਧਰਾ ਪ੍ਰਦੇਸ਼ ਨੂੰ 4 ਦੌੜਾਂ ਨਾਲ ਹਰਾ ਕੇ ਮੱਧ ਪ੍ਰਦੇਸ਼ ਰਣਜੀ ਟਰਾਫੀ ਦੇ ਸੈਮੀਫਾਈਨਲ ’ਚ ਪਹੁੰਚਿਆ



ਤਜਰਬੇਕਾਰ ਅਗਰਵਾਲ ਦੀਆਂ 6 ਵਿਕਟਾਂ ਦੇ ਦਮ ’ਤੇ ਮੱਧ ਪ੍ਰਦੇਸ਼ ਨੇ ਆਂਧਰਾ ਪ੍ਰਦੇਸ਼ ਨੂੰ 4 ਦੌੜਾਂ ਨਾਲ ਹਰਾ ਕੇ ਰਣਜੀ ਟਰਾਫੀ ਦੇ ਸੈਮੀਫਾਈਨਲ ਵਿਚ ਪ੍ਰਵੇਸ਼ ਕਰ ਲਿਆ ਹੈ। ਹੋਲਕਰ ਸਟੇਡੀਅਮ ’ਚ ਖੇਡੇ ਗਏ ਘੱਟ ਸਕੋਰ ਵਾਲੇ ਕੁਆਰਟਰ ਫਾਈਨਲ ਵਿਚ ਗੇਂਦਬਾਜ਼ਾਂ ਦੀ ਤੂਤੀ ਬੋਲੀ। ਇਸ ਜਿੱਤ ਦੇ ਨਾਲ 2021-22 ਦੀ ਚੈਂਪੀਅਨ ਮੱਧ ਪ੍ਰਦੇਸ਼ ਦੀ ਟੀਮ ਤਾਮਿਲਨਾਡੂ ਤੋਂ ਬਾਅਦ ਇਸ ਵਾਰ ਆਖਰੀ-4 ਵਿਚ ਪਹੁੰਚਣ ਵਾਲੀ ਦੂਜੀ ਟੀਮ ਬਣ ਗਈ। ਜਿੱਤ ਲਈ 170 ਦੌੜਾਂ ਦੇ ਟੀਚੇ ਦਾ ਪਿੱਛਾ ਕਰਦੇ ਹੋਏ ਆਂਧਰਾ ਦੀ ਟੀਮ ਆਖਰੀ ਦਿਨ 165 ਦੌੜਾਂ ’ਤੇ ਆਊਟ ਹੋ ਗਈ। ਆਪਣੇ ਕੱਲ ਦੇ ਸਕੋਰ 4 ਵਿਕਟਾਂ ’ਤੇ 95 ਦੌੜਾਂ ਤੋਂ ਅੱਗੇ ਖੇਡਦੇ ਹੋਏ ਆਂਧਰਾ ਪ੍ਰਦੇਸ਼ ਜਿੱਤ ਦੇ ਰਸਤੇ ’ਤੇ ਦਿਸ ਰਹੀ ਸੀ ਪਰ ਅਗਰਵਾਲ ਨੇ ਚਮਤਕਾਰੀ ਢੰਗ ਨਾਲ ਮੱਧ ਪ੍ਰਦੇਸ਼ ਨੂੰ ਮੈਚ ਵਿਚ ਵਾਪਸੀ ਕਰਵਾਈ। ਪਹਿਲੀ ਪਾਰੀ ਵਿਚ 3 ਵਿਕਟਾਂ ਲੈਣ ਵਾਲੇ ਇਸ ਗੇਂਦਬਾਜ਼ ਨੇ ਦੂਜੀ ਪਾਰੀ ਵਿਚ 19 ਓਵਰਾਂ ਵਿਚ 52 ਦੌੜਾਂ ਦੇ ਕੇ 6 ਵਿਕਟਾਂ ਲਈਆਂ। ਉਸ ਨੇ ਪਾਰੀ ਦੇ 51ਵੇਂ ਓਵਰ ਵਿਚ ਕਰਣ ਸ਼ਿੰਦੇ (14) ਨੂੰ ਐੱਲ. ਬੀ. ਡਬਲਯੂ. ਆਊਟ ਕੀਤਾ।



# ਕੈਪਟਨ ਮਾਰਵਲ ਦੇ ਫੇਮ ਅਦਾਕਾਰ ਕੇਨੇਥ ਮਿਸ਼ੇਲ ਦਾ 49 ਸਾਲ ਦੀ ਉਮਰ ਚ ਦਿਹਾਂਤ

ਕੈਪਟਨ ਮਾਰਵਲ ਫੇਮ ਦੇ ਅਦਾਕਾਰ ਕੇਨੇਥ ਮਿਸ਼ੇਲ ਦਾ 49 ਸਾਲ ਦੀ ਉਮਰ ਵਿੱਚ ਦਿਹਾਂਤ ਹੋ ਗਿਆ ਹੈ। ਉਹ ਪਿਛਲੇ ਪੰਜ ਸਾਲਾਂ ਤੋਂ ਬਿਮਾਰੀ ਤੋਂ ਪੀੜਤ ਸਨ। ਜਦੋਂ ਪਰਿਵਾਰ ਨੇ ਇਸ ਸਬੰਧੀ ਜਾਣਕਾਰੀ ਸੋਸ਼ਲ ਮੀਡੀਆ 'ਤੇ ਪੋਸਟ ਕੀਤੀ ਤਾਂ ਪ੍ਰਸ਼ੰਸਕ ਹੈਰਾਨ ਰਹਿ ਗਏ। ਕੇਨੇਥ ਲੰਬੇ ਸਮੇਂ ਤੋਂ ਐਮੀਓਟ੍ਰੋਫਿਕ ਲੈਟਰਲ ਸਕਲੇਰੋਸਿਸ ਤੋਂ ਪੀੜ੍ਹਤ ਸਨ। ਆਖ਼ਰ ਜ਼ਿੰਦਗੀ ਅਤੇ ਮੌਤ ਦੇ ਸੰਘਰਸ਼ ਵਿੱਚ ਉਹ ਹਾਰ ਗਏ। ਪ੍ਰਾਪਤ ਜਾਣਕਾਰੀ ਦੇ ਅਨੁਸਾਰ ਕੈਨੇਥ ਨੇ 24 ਫਰਵਰੀ ਨੂੰ ਆਪਣਾ ਆਖਰੀ ਸਾਹ ਲਿਆ। ਕੈਨੇਡਾ ਦਾ ਵਸਨੀਕ ਕੈਨੇਥ ਆਪਣੇ ਪਿੱਛੇ ਪਤਨੀ ਸੁਜਾਨ, 2 ਬੱਚੇ, ਮਾਤਾ-ਪਿਤਾ ਅਤੇ ਭਰਾ ਛੱਡ ਗਿਆ ਹੈ। ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ ਗਿਆ ਹੈ ਕਿ ਉਸ ਨੇ ਆਪਣੀਆਂ ਫਿਲਮਾਂ ਵਿੱਚ ਵੱਖ-ਵੱਖ ਭੂਮਿਕਾਵਾਂ ਨਿਭਾਈਆਂ ਸਨ।

# ਗੁਬਾਰੇ 'ਚ ਕਰ ਸਕੋਗੇ ਸਪੇਸ ਦੀ ਸੈਰ, 5 ਸਟਾਰ ਹੋਟਲ ਵਰਗਾ ਮਿਲੇਗਾ ਮਜ਼ਾ, ਜਾਣੋ ਕਿੰਨਾ ਆਵੇਗਾ ਖਰਚ



ਰਿਪੋਰਟ ਮੁਤਾਬਕ ਜੋ ਧਾਤਾਂ ਅਤੇ ਖ਼ਤਰਨਾਕ ਤੱਤ ਅਮਰੀਕਾ ਦੇ ਇਨ੍ਹਾਂ ਚੌਲਾਂ ਵਿਚ ਪਾਏ ਗਏ ਹਨ, ਉਹ ਮਨੁੱਖੀ ਸਿਹਤ ਲਈ ਗੰਭੀਰ ਖ਼ਤਰਾ ਹਨ। ਇਨ੍ਹਾਂ ਨਾਲ ਦਿਲ ਦੀਆਂ ਬਿਮਾਰੀਆਂ ਦਾ ਖਤਰਾ ਵੱਧ ਜਾਂਦਾ ਹੈ। ਖੋਜ ਟੀਮ ਨੇ ਇਹ ਸੈਂਪਲ ਹੈਤੀ ਭੇਜੇ ਗਏ ਚੌਲਾਂ ਦੀ ਖੇਪ ਤੋਂ ਲਏ ਸਨ। ਹੈਤੀ ਮੌਜੂਦਾ ਸਮੇਂ ਚੌਲਾਂ ਦੇ ਸੰਕਟ ਦਾ ਸਾਹਮਣਾ ਕਰ ਰਿਹਾ ਹੈ, ਜਿਸ ਕਰਕੇ ਉਸ ਨੂੰ ਅਮਰੀਕਾ ਤੋਂ ਚੌਲ ਦਰਾਮਦ ਕਰਨੇ ਪੈ ਰਹੇ ਹਨ। ਰਿਪੋਰਟ ਮੁਤਾਬਕ ਅਮਰੀਕਾ ਤੋਂ ਆਉਣ ਵਾਲੇ ਚੌਲਾਂ 'ਚ ਭਾਰੀ ਧਾਤਾਂ ਦੀ ਮਾਤਰਾ ਹੈਤੀ 'ਚ ਪੈਦਾ ਹੋਣ ਵਾਲੇ ਚੌਲਾਂ ਤੋਂ ਕਿਤੇ ਜ਼ਿਆਦਾ ਪਾਈ ਗਈ ਹੈ। ਮਿਸ਼ੀਗਨ ਦੀ ਖੋਜ ਟੀਮ ਨੇ ਆਖਿਆ ਕਿ ਹੈਤੀ ਆਪਣੀ ਜ਼ਰੂਰਤ ਦਾ 90 ਫੀਸਦੀ ਚੌਲ ਅਮਰੀਕਾ ਤੋਂ ਦਰਾਮਦ ਕਰਦਾ ਹੈ। ਹੈਤੀ ਦੀ ਸਿਆਸੀ ਸਥਿਤੀ ਤੇ ਗਰੀਬੀ ਦੇ ਮੱਦੇਨਜ਼ਰ ਅਮਰੀਕਾ ਨੇ 1990 ਦੇ ਦਹਾਕੇ ਵਿਚ ਸਬਸਿਡੀਆਂ ਦਾ ਐਲਾਨ ਕੀਤਾ ਸੀ, ਉਦੋਂ ਤੋਂ ਹੈਤੀ ਅਮਰੀਕਾ ਤੋਂ ਵੱਡੀ ਮਾਤਰਾ ਵਿਚ ਚੌਲਾਂ ਦੀ ਖਰੀਦ ਕਰ ਰਿਹਾ ਹੈ ਪਰ ਮਿਸ਼ੀਗਨ ਯੂਨੀਵਰਸਿਟੀ ਦੀ ਖੋਜ ਟੀਮ ਨੇ ਇਨ੍ਹਾਂ ਚੌਲਾਂ ਵਿਚ ਕੈਡਮੀਅਮ ਤੇ ਆਰਸੈਨਿਕ ਦੇ ਪੱਧਰ ਨੂੰ ਖ਼ਤਰਨਾਕ ਦੱਸਿਆ ਹੈ।

# ਅਮਰੀਕਾ 'ਚ ਉਪ ਰਾਸ਼ਟਰਪਤੀ ਦੇ ਅਹੁਦੇ ਦੀ ਉਮੀਦਵਾਰੀ ਲਈ ਰਾਮਾਸਵਾਮੀ ਤੇ ਕ੍ਰਿਸਟੀ ਨੋਇਮ ਵਿਚਾਲੇ ਕਰੀਬੀ ਮੁਕਾਬਲਾ





ਅਮਰੀਕਾ ਦੀਆਂ ਰਾਸ਼ਟਰਪਤੀ ਚੋਣਾਂ ਵਿਚ ਰਿਪਬਲਿਕਨ ਪਾਰਟੀ ਵਲੋਂ ਉਪ ਰਾਸ਼ਟਰਪਤੀ ਅਹੁਦੇ ਲਈ ਨਾਮਜ਼ਦਗੀ ਹਾਸਲ ਕਰਨ ਦੀ ਦੌੜ ਵਿਚ ਦੱਖਣੀ ਡਕੋਟਾ ਦੀ ਗਵਰਨਰ ਕ੍ਰਿਸਟੀ ਨੋਇਮ ਅਤੇ ਭਾਰਤੀ ਮੂਲ ਦੇ ਬਾਇਓਟੈਕਨਾਲੋਜੀ ਉਦਯੋਗਪਤੀ ਵਿਵੇਕ ਰਾਮਾਸਵਾਮੀ ਵਿਚਾਲੇ ਕਰੀਬੀ ਮੁਕਾਬਲਾ ਹੈ। 'ਦਿ ਨਿਊਯਾਰਕ ਟਾਈਮਜ਼' ਦੀ ਖ਼ਬਰ ਮੁਤਾਬਕ 'ਕੰਜ਼ਰਵੇਟਿਵ ਪੋਲੀਟਿਕਲ ਐਕਸ਼ਨ ਕਾਨਫਰੰਸ' (ਸੀਪੀਏਸੀ) ਵਿੱਚ ਹੋਈ ਵੋਟਿੰਗ ਵਿਚ ਕ੍ਰਿਸਟੀ ਅਤੇ ਰਾਮਾਸਵਾਮੀ ਦੋਵਾਂ ਨੂੰ 15-15 ਫ਼ੀਸਦੀ ਵੋਟਾਂ ਮਿਲੀਆਂ ਹਨ। ਸ਼ਨੀਵਾਰ ਨੂੰ ਸਮਾਪਤ ਹੋਈ ਇਸ ਦੀ ਚਾਰ ਦਿਨਾਂ ਬੈਠਕ ਤੋਂ ਬਾਅਦ ਨਤੀਜਿਆਂ ਦਾ ਐਲਾਨ ਕੀਤਾ ਗਿਆ। ਰਾਮਾਸਵਾਮੀ (38) ਦਾ ਜਨਮ ਸਿਨਸਿਨਾਟੀ ਵਿੱਚ ਹੋਇਆ ਸੀ। ਉਹ ਇੱਕ ਭਾਰਤੀ ਪ੍ਰਵਾਸੀ ਜੋੜੇ ਦਾ ਬੱਚਾ ਹੈ। ਰਾਮਾਸਵਾਮੀ ਨੇ ਇਸ ਸਾਲ ਰਾਸ਼ਟਰਪਤੀ ਅਹੁਦੇ ਲਈ ਰਿਪਬਲਿਕਨ ਪਾਰਟੀ ਵੱਲੋਂ ਉਮੀਦਵਾਰੀ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਜਨਵਰੀ 'ਚ ਆਇਓਵਾ 'ਚ ਹੋਈ ਵੋਟਿੰਗ 'ਚ ਚੌਥੇ ਸਥਾਨ 'ਤੇ ਰਹਿਣ ਤੋਂ ਬਾਅਦ ਉਹ ਇਸ ਦੌੜ ਤੋਂ ਬਾਹਰ ਹੋ ਗਏ ਸਨ।

ਉਥੇ ਹੀ 52 ਸਾਲਾ ਨੋਇਮ 2018 ਵਿੱਚ ਦੱਖਣੀ ਡਕੋਟਾ ਦੀ ਪਹਿਲੀ ਮਹਿਲਾ ਗਵਰਨਰ ਬਣੀ ਸੀ। ਟਰੰਪ ਨੇ ਉਨ੍ਹਾਂ ਦੇ ਨਾਂ ਦਾ ਸਮਰਥਨ ਕੀਤਾ ਸੀ। ਕੋਵਿਡ-19 ਮਹਾਂਮਾਰੀ ਦੇ ਦੌਰਾਨ, ਉਹ ਟੀਕਾਕਰਨ ਅਤੇ ਮਾਸਕ ਪਹਿਨਣ ਲਈ ਰਾਜ ਵਿਆਪੀ ਆਦੇਸ਼ ਜਾਰੀ ਕਰਨ ਤੋਂ ਇਨਕਾਰ ਕਰਨ ਨੂੰ ਲੈ ਕੇ ਰਾਸ਼ਟਰੀ ਪੱਧਰ 'ਤੇ ਚਰਚਾ ਦੇ ਕੇਂਦਰ ਵਿੱਚ ਰਹੀ ਸੀ। ਅਖ਼ਬਾਰ ਮੁਤਾਬਕ ਕਈ ਸਾਲਾਂ 'ਚ ਇਹ ਪਹਿਲੀ ਵਾਰ ਹੋਇਆ ਹੈ ਕਿ ਰਿਪਬਲਿਕਨ ਪਾਰਟੀ ਉਪ ਰਾਸ਼ਟਰਪਤੀ ਦੇ ਅਹੁਦੇ ਲਈ ਕਿਸ ਨੂੰ ਨਾਮਜ਼ਦ ਕਰੇ, ਇਹ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰੀ ਤੋਂ ਵੱਡਾ ਵਿਸ਼ਾ ਬਣ ਗਿਆ ਹੈ। ਖ਼ਬਰ ਮੁਤਾਬਕ ਅਜਿਹਾ ਇਸ ਲਈ ਵੀ ਹੈ ਕਿਉਂਕਿ ਡੋਨਾਲਡ ਟਰੰਪ (77) ਨੇ ਰਿਪਬਲਿਕਨ ਪਾਰਟੀ ਵੱਲੋਂ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰੀ ਦੀ ਦੌੜ 'ਚ, ਉਮੀਦ ਮੁਤਾਬਕ ਨਿੱਕੀ ਹੈਲੀ ਨੂੰ ਭਾਰੀ ਵੋਟਾਂ ਨਾਲ ਹਰਾ ਦਿੱਤਾ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਪਿਛਲੀ ਵਾਰ ਸੀਪੀਏਸੀ ਵਿਚ ਹਾਜ਼ਰੀਨ ਲੋਕਾਂ ਵਿਚਾਲੇ ਟਰੰਪ ਵ੍ਹਾਈਟ ਹਾਊਸ ਲਈ ਸਭ ਤੋਂ ਪਸੰਦੀਦਾ ਉਮੀਦਵਾਰ ਨਹੀਂ ਸਨ, ਜਦੋਂ 2016 ਵਿਚ ਟੈਕਸਾਸ ਦੇ ਸੈਨੇਟਰ ਟੇਡ ਕਰੂਜ਼ ਪਹਿਲੇ ਸਥਾਨ 'ਤੇ ਰਹੇ ਸਨ। ਟਰੰਪ ਨੇ ਐਤਵਾਰ ਨੂੰ ਰਿਪਬਲਿਕਨ ਪ੍ਰਾਇਮਰੀ ਵਿਚ ਦੱਖਣੀ ਕੈਰੋਲੀਨਾ ਵਿਚ ਆਪਣੀ ਭਾਰਤੀ-ਅਮਰੀਕੀ ਵਿਰੋਧੀ ਹੇਲੀ 'ਤੇ ਸ਼ਾਨਦਾਰ ਜਿੱਤ ਦਰਜ ਕੀਤੀ। ਹਵਾਈ ਤੋਂ ਭਾਰਤੀ ਮੂਲ ਦੀ ਸਾਬਕਾ ਪ੍ਰਤੀਨਿਧੀ ਸਭਾ ਦੀ ਮੈਂਬਰ ਤੁਲਸੀ ਗਬਾਰਡ 9 ਫ਼ੀਸਦੀ ਵੋਟਾਂ ਨਾਲ ਤੀਜੇ ਸਥਾਨ 'ਤੇ ਰਹੀ।

# ਇਜ਼ਰਾਈਲੀ ਫੌਜ ਨੇ ਹਸਪਤਾਲ ਅੰਦਰ ਲੁਕੇ 200 ਫਿਲਸਤੀਨੀ ਅੱਤਵਾਦੀਆਂ ਨੂੰ ਕੀਤਾ ਗ੍ਰਿਫਤਾਰ



ਇਜ਼ਰਾਈਲੀ ਫੌਜਾਂ ਨੇ ਬੀਤੇ ਦਿਨ ਗਾਜ਼ਾ ਸ਼ਹਿਰ ਦੇ ਜ਼ੀਤੂਨ ਇਲਾਕੇ ’ਚ ਹਮਾਸ ਦੇ 30 ਤੋਂ ਵੱਧ ਅੱਤਵਾਦੀਆਂ ਨੂੰ ਮਾਰ ਦਿੱਤਾ। ਇਸ ਦੇ ਨਾਲ ਹੀ ਇਜ਼ਰਾਇਲੀ ਫੌਜਾਂ ਨੇ ਖਾਨ ਯੂਨਿਸ ਦੇ ਨਸੇਰ ਹਸਪਤਾਲ ਅੰਦਰ ਲੁਕੇ ਹੋਏ ਲਗਭਗ 200 ਫਿਲਸਤੀਨੀ ਅੱਤਵਾਦੀਆਂ, ਸ਼ੱਕੀਆਂ ਨੂੰ ਗ੍ਰਿਫਤਾਰ ਕਰ ਕੇ ਉੱਥੇ ਆਪਣੀਆਂ ਸਰਗਰਮੀਆਂ ਖਤਮ ਕਰ ਦਿੱਤੀਆਂ।ਇਜ਼ਰਾਈਲੀ ਸੁਰੱਖਿਆ ਬਲਾਂ ਨੇ ਸੋਮਵਾਰ ਸਵੇਰੇ ਕਿਹਾ, ਇਜ਼ਰਾਈਲ ਦੀ 401ਵੀਂ ਆਰਮਡ ਬ੍ਰਿਗੇਡ ਨੇ ਖੇਤਰ ’ਤੇ ਕੰਟਰੋਲ ਮਜ਼ਬੂਤ ਕੀਤਾ ਅਤੇ ਅੱਤਵਾਦੀਆਂ ਨੂੰ ਖਤਮ ਕਰ ਦਿੱਤਾ। ਆਈ.ਡੀ.ਐੱਫ. ਦੇ ਬੁਲਾਰੇ ਰੀਅਰ ਐਡਮਿਰਲ ਡੇਨੀਅਲ ਹਾਗਰੀ ਅਨੁਸਾਰ, ‘ਗਾਜ਼ਾ ਦੇ 85 ਫੀਸਦੀ ਹਸਪਤਾਲਾਂ ਦੀ ਵਰਤੋਂ ਹਮਾਸ ਅਤੇ ਫਿਲਸਤੀਨੀ ਇਸਲਾਮਿਕ ਜੇਹਾਦ ਵੱਲੋਂ ਅੱਤਵਾਦੀ ਕਰ ਰਹੇ ਹਨ।

# ਬਰਮਿੰਘਮ 'ਚ ਭਾਰਤੀ ਕੌਂਸਲੇਟ ਜਨਰਲ ਦੇ ਦਫਤਰ ਅੱਗੇ ਕਿਸਾਨਾਂ ਦੇ ਹੱਕ ’ਚ ਮੁਜ਼ਾਹਰਾ

ਬਰਮਿੰਘਮ ਸਥਿਤ ਭਾਰਤੀ ਕੌਂਸਲੇਟ ਜਨਰਲ ਦੇ ਦਫਤਰ ਅੱਗੇ ਫੈੱਡਰੇਸ਼ਨ ਆਫ ਸਿੱਖ ਆਰਗੇਨਾਈਜਸ਼ਨਜ਼ ਯੂ.ਕੇ. ਦੇ ਸੱਦੇ ’ਤੇ ਰੋਸ ਮੁਜ਼ਾਹਰਾ ਕੀਤਾ ਗਿਆ। ਇਸ ਰੋਸ ਮੁਜ਼ਾਹਰੇ ਵਿਚ ਕਿਸਾਨ ਅੰਦੋਲਨ, ਡਿੱਬਰੂਗੜ੍ਹ ਜੇਲ੍ਹ ਵਿਚ ਬੰਦ ਭਾਈ ਅੰਮ੍ਰਿਤਪਾਲ ਸਿੰਘ ਅਤੇ ਸਾਥੀ ਸਿੰਘਾਂ, ਲੰਬੇ ਸਮੇਂ ਤੋਂ ਜੇਲ੍ਹਾਂ ਵਿਚ ਬੰਦ ਸਿੰਘਾਂ ਦੇ ਹੱਕ ਵਿਚ ਜ਼ੋਰਦਾਰ ਆਵਾਜ਼ ਬੁਲੰਦ ਕੀਤੀ ਗਈ। ਇਸ ਮੌਕੇ ਆਪਣੀਆਂ ਹੱਕੀ ਆਰਥਿਕ ਮੰਗਾਂ ਦੀ ਪੂਰਤੀ ਲਈ ਸੰਘਰਸ਼ ਕਰ ਰਹੇ ਨਿਹੱਥੇ ਕਿਸਾਨਾਂ ’ਤੇ ਪੁਲਸ ਵਲੋਂ ਕੀਤੀ ਗੋਲੀਬਾਰੀ, ਹੰਝੂ ਗੈਸ ਅਤੇ ਲਾਠੀਚਾਰਜ ਦੀ ਨਿਖੇਧੀ ਕੀਤੀ ਗਈ। ਜਰਮਨੀ ਦੇ ਸਿੱਖਾਂ ਨੇ ਵੀ ਭਾਰਤੀ ਕੌਂਸਲੇਟ ਫਰੈਂਕਫੋਰਟ ਦੇ ਸਾਹਮਣੇ ਦਿੱਲੀ ਸੰਘਰਸ਼ ਕਰਨ ਜਾ ਰਹੇ ਕਿਸਾਨਾਂ ਨੂੰ ਪੰਜਾਬ-ਹਰਿਆਣਾ ਬਾਰਡਰ ’ਤੇ ਰੋਕ ਕੇ ਉਨ੍ਹਾਂ ਉੱਪਰ ਜ਼ੁਲਮ ਕਰਨ, ਨੌਜਵਾਨ ਸ਼ੁਭਕਰਨ ਸਿੰਘ ਨੂੰ ਕਤਲ ਕਰਨ ਦੀ ਨਿਖੇਧੀ ਕਰਦਿਆਂ ਰੋਸ ਮੁਜ਼ਾਹਰਾ ਕੀਤਾ। ਇਸ ਮੌਕੇ ਵਰਲਡ ਸਿੱਖ ਪਾਰਲੀਮੈਂਟ ਦੇ ਕੋਆਰਡੀਨੇਟਰ ਭਾਈ ਗੁਰਚਰਨ ਸਿੰਘ ਗੁਰਾਇਆ, ਇੰਟਰਨੈਸ਼ਨਲ ਸਿੱਖ ਫੈੱਡਰੇਸ਼ਨ ਜਰਮਨੀ ਦੇ ਪ੍ਰਧਾਨ ਭਾਈ ਲਖਵਿੰਦਰ ਸਿੰਘ ਮੱਲੀ, ਬੱਬਰ ਖਾਲਸਾ ਜਰਮਨੀ ਭਾਈ ਅਵਤਾਰ ਸਿੰਘ ਬੱਬਰ, ਸਿੱਖ ਫੈੱਡਰੇਸ਼ਨ ਜਰਮਨੀ ਭਾਈ ਗੁਰਦਿਆਲ ਸਿੰਘ ਲਾਲੀ, ਗੁਰਦੁਆਰਾ ਦਸ਼ਮੇਸ਼ ਸਿੰਘ ਸਭਾ ਕਲੋਨ ਦੇ ਪ੍ਰਧਾਨ ਭਾਈ ਗੁਰਪਾਲ ਸਿੰਘ ਆਦਿ ਨੇ ਵੀ ਆਪਣੇ ਵਿਚਾਰ ਰੱਖੇ।



# ਕਰੋੜਾਂ ਦੀ ਨੌਕਰੀ ਛੱਡ ਕੇ UAE ਦੇ ਹਿੰਦੂ ਮੰਦਰ 'ਚ ਸੇਵਾ ਕਰਨਗੇ ਵਿਸ਼ਾਲ ਪਟੇਲ



ਭਾਰਤੀ ਮੂਲ ਦੇ ਇੱਕ 43 ਸਾਲਾ ਨਿਵੇਸ਼ ਬੈਂਕਰ ਨੇ ਬੀ.ਏ.ਪੀ.ਐੱਸ. ਆਬੂਧਾਬੀ ਮੰਦਰ ਵਿੱਚ ਪੂਰੇ ਸਮੇਂ ਦੇ ਵਲੰਟੀਅਰ ਵਜੋਂ ਸੇਵਾ ਕਰਨ ਲਈ ਦੁਬਈ ਵਿੱਚ ਆਪਣੀ ਉੱਚ ਤਨਖ਼ਾਹ ਵਾਲੀ ਨੌਕਰੀ (high-paying job) ਛੱਡ ਦਿੱਤੀ। ਇਸ ਮੰਦਰ ਦਾ ਉਦਘਾਟਨ ਇਸ ਮਹੀਨੇ ਦੇ ਸ਼ੁਰੂ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੀਤਾ ਸੀ। ਵਿਸ਼ਾਲ ਪਟੇਲ (43) ਦਾ ਜਨਮ ਲੰਡਨ ਵਿੱਚ ਇੱਕ ਗੁਜਰਾਤੀ ਪਰਿਵਾਰ ਵਿੱਚ ਹੋਇਆ ਸੀ। 2016 ਤੋਂ ਯੂ.ਏ.ਈ. ਵਿਚ ਰਹਿ ਰਹੇ ਵਿਸ਼ਾਲ ਪਟੇਲ ਦੁਬਈ ਇੰਟਰਨੈਸ਼ਨਲ ਫਾਈਨੈਂਸ਼ੀਅਲ ਸੈਂਟਰ ਦੇ ਨਾਲ ਕੰਮ ਕਰ ਰਹੇ ਸਨ ਅਤੇ ਇਸ ਤੋਂ ਪਹਿਲਾਂ ਉਹ ਲੰਡਨ ਵਿਚ ਪ੍ਰਮੁੱਖ ਨਿਵੇਸ਼ ਬੈਂਕਾਂ ਅਤੇ ਹੇਜ ਫੰਡਾਂ ਵਿੱਚ ਅਹੁਦਿਆਂ 'ਤੇ ਰਹਿ ਚੁੱਕੇ ਹਨ। ਪਟੇਲ ਨੇ ਖਲੀਜ ਟਾਈਮਜ਼ ਨਾਲ ਗੱਲ ਕਰਦੇ ਹੋਏ ਕਿਹਾ ਕਿ ਪਹਿਲਾਂ ਮੇਰਾ ਕਰੀਅਰ ਮੇਰੀ ਤਰਜੀਹ ਸੀ। ਹਾਲਾਂਕਿ, ਯੂਏਈ ਵਿੱਚ ਬਣੇ ਇਸ ਮੰਦਰ ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ ਅਤੇ ਮੈਨੂੰ ਇੱਕ ਵੱਖਰੀ ਪਛਾਣ ਦਿੱਤੀ। ਹੁਣ ਮੇਰੇ ਕੋਲ ਮੰਦਰ ਦੀ ਸੇਵਾ ਕਰਨ ਦਾ ਮੌਕਾ ਹੈ ਅਤੇ ਮੈਂ ਇਸ ਨੂੰ ਗੁਆਉਣਾ ਨਹੀਂ ਚਾਹੁੰਦਾ। ਇਮਾਰਤ ਵਾਲੀ ਥਾਂ 'ਤੇ ਸੁਰੱਖਿਆ ਵਾੜ ਲਗਾਉਣ ਤੋਂ ਲੈ ਕੇ ਮਹਿਮਾਨਾਂ ਨੂੰ ਭੋਜਨ ਪਰੋਸਣ ਤੱਕ, ਵਿਸ਼ਾਲ ਨੇ ਮੰਦਰ ਦੀ ਉਸਾਰੀ ਪ੍ਰਕਿਰਿਆ ਵਿੱਚ ਸਰਗਰਮੀ ਨਾਲ ਹਿੱਸਾ ਲਿਆ। ਉਹ ਹੁਣ ਮੰਦਰ ਲਈ ਸਵੈਇੱਛਤ ਸਮਰੱਥਾ ਵਿੱਚ ਮੁੱਖ ਸੰਚਾਰ ਅਧਿਕਾਰੀ ਹਨ ਅਤੇ ਮੀਡੀਆ ਸਬੰਧਾਂ ਅਤੇ ਰਣਨੀਤਕ ਸੰਚਾਰਾਂ ਸਮੇਤ ਵੱਖ-ਵੱਖ ਜ਼ਿੰਮੇਵਾਰੀਆਂ ਦੀ ਨਿਗਰਾਨੀ ਕਰਦੇ ਹਨ। ਉਨ੍ਹਾਂ ਨੇ ਟਾਈਮਜ਼ ਨੂੰ ਦੱਸਿਆ ਕਿ ਉਨ੍ਹਾਂ ਵਰਗੇ ਕਈ ਹੋਰ ਵਲੰਟੀਅਰ BAPS ਸੰਸਥਾ ਵਿੱਚ ਸੇਵਾ ਕਰਨ ਲਈ ਆਪਣੀਆਂ ਨੌਕਰੀ ਛੱਡਣ ਲਈ ਤਿਆਰ ਹਨ। ਤੁਹਾਨੂੰ ਦੱਸ ਦੇਈਏ ਕਿ ਲੰਡਨ ਯੂਨੀਵਰਸਿਟੀ ਤੋਂ ਅਰਥ ਸ਼ਾਸਤਰ ਦੀ ਡਿਗਰੀ ਨਾਲ ਗ੍ਰੈਜੂਏਟ ਹੋਣ ਤੋਂ ਬਾਅਦ ਵਿਸ਼ਾਲ ਪਟੇਲ ਰੋਜ਼ਗਾਰ ਲੱਭਣ ਲਈ ਸੰਘਰਸ਼ ਕਰ ਰਹੇ ਸੀ। ਹਾਲਾਂਕਿ ਜਦੋਂ ਉਹ ਲੰਡਨ ਵਿੱਚ ਸੀ, ਉਦੋਂ ਵੀ ਸਵਾਮੀਨਾਰਾਇਣ ਮੰਦਰ ਵਿੱਚ ਸੇਵਾ ਕੀਤੀ। ਲੰਡਨ ਦੇ BAPS ਮੰਦਰ ਵਿੱਚ ਸੇਵਾ ਦੌਰਾਨ ਉਨ੍ਹਾਂ ਦੀ ਮੁਲਾਕਾਤ ਮੈਰਿਲ ਲਿੰਚ ਨਾਮ ਦੇ ਇੱਕ ਵਿਅਕਤੀ ਨਾਲ ਹੋਈ, ਜਿਸਨੇ ਉਨ੍ਹਾਂ ਨੂੰ ਨਿਵੇਸ਼ ਬੈਂਕਿੰਗ ਉਦਯੋਗ ਵਿੱਚ ਆਪਣਾ ਹੱਥ ਅਜ਼ਮਾਉਣ ਦੀ ਸਲਾਹ ਦਿੱਤੀ। ਇਸ ਤੋਂ ਬਾਅਦ ਉਹ ਆਪਣੇ ਕਰੀਅਰ ਦੀਆਂ ਉਚਾਈਆਂ ਵੱਲ ਵਧਣ ਲੱਗੇ। ਹੁਣ ਉਨ੍ਹਾਂ ਨੇ ਕਰੋੜਾਂ ਰੁਪਏ ਦੀ ਨੌਕਰੀ ਛੱਡ ਕੇ ਮੁੜ ਅਧਿਆਤਮਿਕਤਾ ਵੱਲ ਮੁੜਨ ਦਾ ਫੈਸਲਾ ਕੀਤਾ ਹੈ। ਆਬੂ ਧਾਬੀ ਦੇ ਕ੍ਰਾਊਨ ਪ੍ਰਿੰਸ ਸ਼ੇਖ ਮੁਹੰਮਦ ਬਿਨ ਜਾਏਦ ਅਲ ਨਾਹਯਾਨ ਨੇ 2015 ਵਿੱਚ ਪ੍ਰਧਾਨ ਮੰਤਰੀ ਮੋਦੀ ਦੀ ਦੇਸ਼ ਫੇਰੀ ਦੌਰਾਨ ਮੰਦਰ ਦੇ ਨਿਰਮਾਣ ਲਈ 13.5 ਏਕੜ ਜ਼ਮੀਨ ਦਾਨ ਕੀਤੀ ਸੀ ਅਤੇ ਜਨਵਰੀ 2019 ਵਿੱਚ ਹੋਰ 13.5 ਏਕੜ ਜ਼ਮੀਨ ਅਲਾਟ ਕੀਤੀ ਗਈ ਸੀ, ਜਿਸ ਨਾਲ ਮੰਦਰ ਲਈ ਕੁੱਲ 27 ਏਕੜ ਜ਼ਮੀਨ ਦਾਨ ਵਿੱਚ ਦਿੱਤੀ ਗਈ ਹੈ।

# ਭਾਈ ਮਰਦਾਨਾ ਜੀ ਦੀ ਜੀਵਨੀ

## ਭਾਈ ਮਰਦਾਨਾ ਜੀ ਕੌਣ ਹਨ?

ਭਾਈ ਮਰਦਾਨਾਜੀ ਦਾ ਜਨਮ 6 ਫਰਵਰੀ, 1459 ਨੂੰ ਰਾਏ ਭੋਈ ਦੀ ਤਲਵੰਡੀ, (ਜੋ ਹੁਣ ਨਨਕਾਣਾ ਸਾਹਿਬ), ਪਾਕਿਸਤਾਨ ਵਿੱਚ ਇੱਕ ਮੁਸਲਮਾਨ ਪਰਿਵਾਰ ਵਿੱਚ ਹੋਇਆ ਸੀ। ਉਨ੍ਹਾਂ ਦੇ ਪਿਤਾ ਇੱਕ ਮਿਰਾਸੀ ਮੁਸਲਮਾਨ ਸਨ ਅਤੇ ਉਹਨਾਂ ਦਾ ਨਾਮ ਭਾਈ ਬਦਰੇ ਅਤੇ ਮਾਤਾ ਦਾ ਨਾਮ ਬੀਬੀ ਲੱਖੋ ਜੀ ਸੀ। ਉਹ ਆਪਣੇ ਮਾਪਿਆਂ ਦਾ ਸੱਤਵਾਂ ਬੱਚਾ ਸੀ, ਹਾਲਾਂਕਿ, ਪਹਿਲੇ ਛੇ ਬੱਚੇ ਜਨਮ ਤੋਂ ਬਾਅਦ ਮਰ ਗਏ ਸਨ। ਜਨਮ ਤੋਂ ਮਾਤਾ ਪਿਤਾ ਨੇ ਉਨ੍ਹਾਂ ਦਾ ਨਾਮ ਦਾਨਾ ਰੱਖਿਆ ਸੀ। ਕਿਹਾ ਜਾਂਦਾ ਹੈ ਕਿ ਛੇ ਬੱਚਿਆਂ ਦੀ ਮੌਤ ਤੋਂ ਬਾਅਦ ਸੱਤਵੇਂ ਬੱਚੇ ਦੀ ਜ਼ਿੰਦਗੀ ਨੂੰ ਲੈਕੇ ਉਸ ਦੀ ਮਾਂ ਬਹੁਤ ਨਿਰਾਸ਼ ਸੀ। ਜਦੋਂ ਉਹ ਮਦਦ ਲਈ ਗੁਰੂ ਨਾਨਕ ਦੇਵ ਜੀ ਕੋਲ ਆਏ ਤਾਂ ਗੁਰੂ ਜੀ ਨੇ ਉਸਦਾ ਨਾਮ 'ਦਾਨਾ' ਬਦਲ ਕੇ 'ਮਰਦਾਨਾ' ਰੱਖ ਦਿੱਤਾ ਜਿਸਦਾ ਅਰਥ ਹੈ 'ਮਰਦਾ ਨਹੀਂ'।

## ਭਾਈ ਮਰਦਾਨਾ ਜੀ ਗੁਰੂ ਨਾਨਕ ਦੇਵ ਜੀ ਨੂੰ ਕਿਵੇਂ ਮਿਲੇ?

ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨਾ ਦੋਵੇਂ ਇੱਕੋ ਪਿੰਡ ਵਿੱਚ ਪੈਦਾ ਹੋਏ ਸਨ। ਭਾਈ ਮਰਦਾਨਾ ਗੁਰੂ ਸਾਹਿਬ ਤੋਂ ਦਸ ਸਾਲ ਵੱਡੇ ਸਨ ਅਤੇ ਬਚਪਨ ਤੋਂ ਹੀ ਗੁਰੂ ਜੀ ਦੇ ਸਾਥੀ ਸਨ। ਕਿਹਾ ਜਾਂਦਾ ਹੈ ਕਿ ਮਰਦਾਨਾ ਜੀ ਕਬੀਰ, ਤ੍ਰਿਲੋਚਨ, ਰਵਿਦਾਸ, ਧੰਨਾ ਅਤੇ ਬੇਣੀ ਦੇ ਲਿਖੇ ਭਜਨ ਗਾਉਂਦੇ ਸਨ।


ਜਦੋਂ ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਲੋਧੀ ਜਾ ਕੇ ਨਵਾਬ ਦੌਲਤ ਖਾਨ ਲੋਧੀ ਦੇ ਅਨਾਜ ਭੰਡਾਰਾਂ ਦੀ ਜ਼ਿੰਮੇਵਾਰੀ ਸੰਭਾਲਣ ਲੱਗੇ ਤਾਂ ਉਹਨਾਂ ਦੀ ਉਦਾਰਤਾ ਦੀ ਗੱਲਾਂ ਦੂਰ-ਦੂਰ ਤਕ ਫੈਲ ਗਈਆਂ। ਉਦੋਂ ਤੱਕ ਮਰਦਾਨਾ ਦਾ ਵਿਆਹ ਹੋ ਚੁੱਕਾ ਸੀ ਅਤੇ ਉਨ੍ਹਾਂ ਦੇ ਦੋ ਪੁੱਤਰ ਅਤੇ ਇੱਕ ਧੀ ਸੀ। ਉਹ ਸੁਲਤਾਨਪੁਰ ਵਿੱਚ ਗੁਰੂ ਜੀ ਨੂੰ ਮਿਲਣ ਜਾਣਾ ਚਾਹੁੰਦੇ ਸੀ।

ਗੁਰੂ ਨਾਨਕ ਦੇਵ ਜੀ ਦੇ ਪਿਤਾ ਮਹਿਤਾ ਕਾਲੂ ਜੀ ਨੇ ਫਿਰ ਭਾਈ ਮਰਦਾਨਾ ਜੀ ਨੂੰ ਆਪਣੇ ਪੁੱਤਰ ਦਾ ਹਾਲ-ਚਾਲ ਜਾਣਨ ਲਈ ਸੁਲਤਾਨਪੁਰ ਭੇਜਿਆ। ਭਾਈ ਮਰਦਾਨਾ ਜੀ ਸੁਲਤਾਨਪੁਰ ਚਲੇ ਗਏ, ਪਰ ਉਥੇ ਜਾ ਕੇ ਗੁਰੂ ਜੀ ਕੋਲ ਹੀ ਰਹਿਣ ਲੱਗ ਪਏ ਅਤੇ ਕਦੇ ਵਾਪਿਸ ਨਹੀਂ ਪਰਤੇ। ਉਨ੍ਹਾਂ ਨੂੰ ਸੰਗੀਤ ਦਾ ਬਹੁਤ ਗਿਆਨ ਸੀ ਅਤੇ ਉਹ ਗੁਰੂ ਨਾਨਕ ਦੇਵ ਜੀ ਦੀ ਗੁਰਬਾਣੀ ਦਾ ਗਾਇਨ ਕਰਦੇ ਸਮੇਂ ਰਬਾਬ ਵਜਾਉਂਦੇ ਸਨ। ਭਾਈ ਮਰਦਾਨਾ ਜੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਭਰ ਦੇ ਸਾਥੀ ਬਣ ਗਏ।

ਜਦੋਂ ਗੁਰੂ ਨਾਨਕ ਦੇਵ ਜੀ ਨੇ ਆਪਣਾ ਸੰਦੇਸ਼ ਫੈਲਾਉਣ ਲਈ ਸੰਸਾਰ ਦੀ ਯਾਤਰਾ ਕਰਨ ਦੀ ਯੋਜਨਾ ਬਣਾਈ, ਤਾਂ ਉਹ ਚਾਹੁੰਦੇ ਸਨ ਕਿ ਮਰਦਾਨਾ ਉਨ੍ਹਾਂ ਦੇ ਨਾਲ ਹੋਵੇ। ਉਸ ਸਮੇਂ ਮਰਦਾਨਾ ਆਪਣੀ ਧੀ ਦਾ ਵਿਆਹ ਕਰਨਾ ਚਾਹੁੰਦਾ ਸੀ। ਗੁਰੂ ਨਾਨਕ ਦੇਵ ਜੀ ਦੇ ਇੱਕ ਚੇਲੇ ਭਾਈ ਬਗੀਰਥ ਨੇ ਮਰਦਾਨੇ ਦੀ ਬੇਟੀ ਦੇ ਵਿਆਹ ਨੂੰ ਸਮਰੱਥ ਬਣਾਉਣ ਵਿਚ ਸਹਾਇਤਾ ਕੀਤੀ ਜਿਸ ਤੋਂ ਬਾਅਦ ਭਾਈ ਮਰਦਾਨਾ ਗੁਰੂ ਨਾਨਕ ਦੇਵ ਜੀ ਦੇ ਨਾਲ ਬਾਣੀ ਦਾ ਪ੍ਰਚਾਰ ਕਰਣ ਲਈ ਦੂਰ-ਦੂਰ ਤੱਕ ਯਾਤਰਾ ਕੀਤੀ।

## ਭਾਈ ਮਰਦਾਨਾ ਜੀ ਗੁਰੂ ਨਾਨਕ ਦੇਵ ਜੀ ਦੇ ਸਾਥੀ ਕਿਉਂ ਬਣੇ?

ਭਾਈ ਮਰਦਾਨਾ ਜੀ ਨੂੰ ਗੁਰੂ ਨਾਨਕ ਦੇਵ ਜੀ ਦਾ ਪਹਿਲਾ ਅਤੇ ਸਭ ਤੋਂ ਲੰਬਾ ਸਾਥੀ ਮੰਨਿਆ ਜਾਂਦਾ ਹੈ। ਉਹ ਮੁਸਲਿਮ ਸੰਗੀਤਕਾਰਾਂ ਦੇ ਇੱਕ ਪਰਿਵਾਰ ਵਿੱਚ ਪੈਦਾ ਹੋਏ ਸੀ ਅਤੇ ਉਹ ਰਬਾਬ ਵਜਾਉਣ ਵਿੱਚ ਮਾਹਰ ਸੀ, ਜੋ ਮੱਧਕਾਲੀ ਭਾਰਤ ਵਿੱਚ ਪ੍ਰਸਿੱਧ ਇੱਕ ਤਾਰਾਂ ਵਾਲਾ ਸਾਜ਼ ਸੀ। ਭਾਈ ਮਰਦਾਨਾ ਜੀ ਗੁਰੂ ਨਾਨਕ ਦੇਵ ਜੀ ਦੇ ਇੰਨੇ ਮਹੱਤਵਪੂਰਨ ਸਾਥੀ ਹੋਣ ਦਾ ਇੱਕ ਕਾਰਨ ਇਹ ਸੀ ਕਿ ਉਹ ਗੁਰੂ ਨਾਨਕ ਦੇਵ ਜੀ ਨਾਲ ਉਨ੍ਹਾਂ ਦੀਆਂ ਸਾਰੀਆਂ ਅਧਿਆਤਮਿਕ ਯਾਤਰਾਵਾਂ ਵਿੱਚ ਉਨ੍ਹਾਂ ਦੇ ਨਾਲ ਸਨ। ਉਨ੍ਹਾਂ ਨੇ ਗੁਰੂ ਸਾਹਿਬ ਜੀ ਦੇ ਨਾਲ ਭਾਈਚਾਰਕ ਏਕਤਾ, ਸ਼ਾਂਤੀ, ਸੱਚ ਦੇ ਸੰਦੇਸ਼ ਅਤੇ ਪ੍ਰਮਾਤਮਾ ਦੀ ਬਾਣੀ ਨੂੰ ਦੁਨੀਆਂ ਨਾਲ ਸਾਂਝਾ ਕਰਨ ਵਿੱਚ ਮਦਦ ਕੀਤੀ। ਆਪਣੀਆਂ ਸੰਗੀਤਕ ਪ੍ਰਤਿਭਾਵਾਂ ਨਾਲ, ਭਾਈ ਮਰਦਾਨਾ ਅਕਸਰ ਭਗਤੀ ਗੀਤ ਵਜਾਉਂਦੇ ਸਨ। ਭਾਈ ਮਰਦਾਨਾ ਨੇ ਆਪਣੇ ਜੀਵਨ ਦੇ 54 ਸਾਲ ਗੁਰੂ ਨਾਨਕ ਦੇਵ ਜੀ ਨਾਲ ਬਿਤਾਏ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਅਤੇ ਗੁਰਬਾਣੀ ਸੁਣੀ। ਇੱਕ ਪ੍ਰਤਿਭਾਸ਼ਾਲੀ ਸੰਗੀਤਕਾਰ ਹੋਣ ਦੇ ਨਾਲ, ਭਾਈ ਮਰਦਾਨਾ ਜੀ ਗੁਰੂ ਨਾਨਕ ਦੇਵ ਜੀ ਦੇ ਇੱਕ ਮਹਾਨ ਮਿੱਤਰ ਅਤੇ ਵਿਸ਼ਵਾਸੀ ਵੀ ਸਨ।



## ਭਾਈ ਮਰਦਾਨਾ ਨੇ ਗੁਰੂ ਨਾਨਕ ਦੇਵ ਜੀ ਲਈ ਕੀ ਕੀਤਾ?

ਜਨਮ ਸਾਖੀ ਕਈ 'ਸਾਖੀਆਂ' ਬਾਰੇ ਦੱਸਦੀ ਹੈ ਜਿੱਥੇ ਭਾਈ ਮਰਦਾਨਾ ਜੀ ਅਤੇ ਗੁਰੂ ਨਾਨਕ ਦੇਵ ਜੀ ਨੇ ਇਕੱਠੇ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕੀਤਾ। ਉਨ੍ਹਾਂ ਦੇ ਜੀਵਨ ਦੀਆਂ ਕਈ ਕਹਾਣੀਆਂ ਦੱਸਦੀਆਂ ਹਨ ਕਿ ਉਨ੍ਹਾਂ ਨੂੰ ਆਪਣੀ ਚਾਰ ਉਦਾਸੀਆਂ ਦੌਰਾਨ ਕਿੰਨੀਆਂ ਕਠਿਨਾਈਆਂ ਵਿੱਚੋਂ ਗੁਜ਼ਰਨਾ ਪਿਆ।

ਕਈ ਵਾਰ ਬਿਨਾਂ ਭੋਜਨ ਦੇ ਦਿਨ ਗੁਜ਼ਾਰਦੇ ਹੋਏ, ਭਾਰਤ ਅਤੇ ਹੋਰ ਬਹੁਤ ਸਾਰੇ ਦੇਸ਼ਾਂ ਵਿੱਚ ਪੈਦਲ ਯਾਤਰਾ ਕਰਦੇ, ਅਤੇ ਕਦੇ ਭਾਈ ਮਰਦਾਨਾ ਜੀ ਨੂੰ ਭਿਆਨਕ ਡਰ ਜਾਂ ਨਿਰਾਸ਼ਾ ਦਾ ਸਾਹਮਣਾ ਕਰਨਾ ਪੈਂਦਾ। ਪਰ ਭਾਈ ਮਰਦਾਨਾ ਜੀ ਨੇ ਆਪਣਾ ਨਿਰਸਵਾਰਥ ਅਤੇ ਨਿਮਾਣਾ ਜੀਵਨ ਗੁਰੂ ਨਾਨਕ ਦੇਵ ਜੀ ਨੂੰ ਸਮਰਪਿਤ ਕਰ ਦਿੱਤਾ।

ਭਾਈ ਮਰਦਾਨਾ ਜੀ ਨੇ ਇੱਕ ਨਜ਼ਦੀਕੀ ਮਿੱਤਰ ਅਤੇ ਸਾਥੀ ਹੋਣ ਦੇ ਨਾਲ-ਨਾਲ ਸਿੱਖ ਧਰਮ ਦੇ ਵਿਕਾਸ ਵਿੱਚ ਹੋਰ ਤਰੀਕਿਆਂ ਨਾਲ ਵੀ ਯੋਗਦਾਨ ਪਾਇਆ। ਕਿਹਾ ਜਾਂਦਾ ਹੈ ਕਿ ਉਨ੍ਹਾਂ ਨੂੰ ਕਈ ਸ਼ਬਦਾਂ ਦੀ ਵੀ ਰਚਨਾ ਕੀਤੀ। ਭਾਈ ਮਰਦਾਨਾ ਜੀ ਦਾ ਸਿੱਖ ਧਰਮ ਵਿੱਚ ਬੇਅੰਤ ਯੋਗਦਾਨ ਹੈ ਅਤੇ ਉਨ੍ਹਾਂ ਨੂੰ ਇਸ ਧਰਮ ਦੇ ਇਤਿਹਾਸ ਵਿੱਚ ਸਭ ਤੋਂ ਮਹੱਤਵਪੂਰਨ ਸ਼ਖਸੀਅਤਾਂ ਵਿੱਚੋਂ ਇੱਕ ਵਜੋਂ ਹਮੇਸ਼ਾ ਯਾਦ ਰੱਖਿਆ ਜਾਵੇਗਾ।

## ਜੋਤੀ-ਜੋਤਿ ਸਮਾਉਣਾ-

ਉਨ੍ਹਾਂ ਦੀ ਜੋਤੀ-ਜੋਤਿ ਦੇ ਪ੍ਰਕਾਸ਼ ਦੇ ਵੱਖ-ਵੱਖ ਸੰਸਕਰਣ ਹਨ, ਪਰ ਕਿਹਾ ਜਾਂਦਾ ਹੈ ਕਿ 1534 ਵਿਚ ਭਾਈ ਮਰਦਾਨਾ ਜੀ ਬਿਮਾਰ ਹੋ ਗਏ ਅਤੇ ਕਰਤਾਰਪੁਰ ਵਿਖੇ ਅਕਾਲ ਚਲਾਣਾ ਕਰ ਗਏ। ਗੁਰੂ ਜੀ ਨੇ ਆਪਣੇ "ਗੁਰੂ ਮੁਰਾਦ" (ਭਾਈ ਮਰਦਾਨਾ ਜੀ) ਦਾ ਅੰਤਿਮ ਸੰਸਕਾਰ ਬੜੇ ਭਾਰੀ ਹਿਰਦੇ ਨਾਲ ਕੀਤਾ ਅਤੇ ਰਾਵੀ ਦਰਿਆ ਵਿੱਚ ਅਸਥੀਆਂ ਪਾ ਦਿੱਤੀਆਂ। ਗੁਰੂ ਜੀ ਨੇ ਭਾਈ ਮਰਦਾਨੇ ਦੀ ਯਾਦ ਵਿੱਚ ਇੱਕ ਸਮਾਰਕ ਵੀ ਬਣਵਾਇਆ।

## ਅੰਤਮ ਸ਼ਬਦ-

ਭਾਈ ਮਰਦਾਨਾ ਜੀ ਗੁਰੂ ਨਾਨਕ ਦੇਵ ਜੀ ਦੀ ਰੂਹਾਨੀ ਮੌਜੂਦਗੀ ਤੋਂ ਲਾਭ ਪ੍ਰਾਪਤ ਕਰਨ ਵਾਲੀ ਸਭ ਤੋਂ ਭਾਗਸ਼ਾਲੀ ਰੂਹ ਸਨ, ਅਤੇ ਉਨ੍ਹਾਂ ਦੇ ਦੋਸਤ ਅਤੇ ਸਾਥੀ ਵਜੋਂ, ਉਨ੍ਹਾਂ ਨੇ ਸਿੱਖ ਧਰਮ ਦੇ ਸੰਦੇਸ਼ ਨੂੰ ਦੁਨੀਆ ਭਰ ਵਿੱਚ ਫੈਲਾਉਣ ਵਿੱਚ ਸਹਾਇਤਾ ਕੀਤੀ। ਭਾਈ ਮਰਦਾਨਾ ਜੀ ਦਾ ਜੀਵਨ ਸਾਡੇ ਸਾਰਿਆਂ ਲਈ ਇੱਕ ਮਹਾਨ ਪ੍ਰੇਰਨਾ ਸਰੋਤ ਹੈ ਅਤੇ ਸਾਨੂੰ ਸਿੱਖ ਧਰਮ ਵਿੱਚ ਉਨ੍ਹਾਂ ਦੇ ਯੋਗਦਾਨ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਉਨ੍ਹਾਂ ਦੀ ਜੀਵਨੀ ਬਾਰੇ ਦੱਸਣਾ ਚਾਹੀਦਾ ਹੈ।